# ਅੰਮ੍ਰਿਤ ਕੀਰਤਨ
# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਫ਼ਰਵਰੀ 2006

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 2 ◆ ਸਾਲ ਅਠਾਰਵਾਂ ◆ ਫਰਵਰੀ 2006

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007

**ਚੰਦੇ ਦਾ ਵੇਰਵਾ**

▲ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
**ਫੋਨ** : 0172-2701396, 2713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
**ਫੋਨ** : 0172-2772660, 09814053630

e-mail : drjagirsingh@rediffmail.com
Website : www.amritkirtan.org

| | |
|---|---|
| **ਮ੍ਰਿਤ ਅਸਾਡੜੇ ਸੇਈ** | 2 |
| *ਚਿੱਠੀਆਂ* | |
| **ਕਰਉ ਬੇਨੰਤੀਆ** | 3 |
| *ਸੰਪਾਦਕੀ* | |
| **ਪੰਜਾਬ ਵਿਚ ਤਬਲੇ ਦੀ ਉਤਪਤੀ ਅਤੇ ਵਿਕਾਸ** | 4 |
| *ਗੁਰਜੰਤ ਸਿੰਘ ਰਾਹੀ* | |
| **ਅਨਹਤ ਵਾਜੇ ਵਜਹਿ ਘਰ ਮਹਿ ਪਿਰ ਸੰਗ ਸੇਜ ਵਿਛਾਈ** | 6 |
| *ਭਗਵੰਤ ਸਿੰਘ ਦਲਾਵਰੀ* | |
| **ਗੁਰਮਤਿ ਸੰਗੀਤ ਦੀ ਅੰਮ੍ਰਿਤ ਧਾਰਾ ....** | 8 |
| *ਪਰਮਜੀਤ ਸਿੰਘ 'ਪੰਮੀ'* | |
| **ਸਿੱਖ ਸਰੂਪ** | 11 |
| *ਤਿਰਲੋਕ ਸਿੰਘ ਸੂਰੀ* | |
| **ਇਸ਼ਨਾਨ: ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ** | 14 |
| *ਭਾਈ ਸਾਹਿਬ ਭਾਈ ਵੀਰ ਸਿੰਘ* | |
| **ਧਾਰਮਿਕ ਸਥਾਨਾਂ 'ਤੇ ਸਮਾਗਮਾਂ ਵਿਚ ਲਾਊਡ ਸਪੀਕਰ ਦੀ ਸੁਯੋਗ ਵਰਤੋਂ** | 16 |
| *ਕੰਵਰਜੀਤ ਸਿੰਘ* | |
| **ਸੁਨੱਖੇ ਸਾਹਿਤਕ ਸਰੂਪ ਦਾ ਬਗੀਚਾ- ਪ੍ਰੋ: ਪਿਆਰਾ ਸਿੰਘ ਪਦਮ** | 17 |
| *ਡਾ. ਗੁਰਮੀਤ ਸਿੰਘ ਬੈਦਵਾਨ* | |
| **ਰਾਗ ਵਿਵਰਨ- ਰਾਗੁ ਬਿਹਾਗੜਾ** | 20 |
| *ਪ੍ਰੋ: ਕਰਤਾਰ ਸਿੰਘ* | |
| **ਸੁਰ ਲਿਪੀ** | 23 |
| *ਪ੍ਰੋ: ਨਰਿੰਦਰ ਕੌਰ* | |
| **ਸੁਰ ਲਿਪੀ ਵਾਲੇ ਸ਼ਬਦ ਦੇ ਅਰਥ** | 24 |
| *ਮਨਮੋਹਨ ਸਿੰਘ* | |

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ **ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼**, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

COMPUTER TYPE SETTING
*sohal specials*
**Designers & Printers**
**Phone: 0172 - 5091443**

# ਮਿਤ੍ਰ ਅਸਾਡੜੇ ਸੇਈ

♦ ਦਸੰਬਰ ਮਹੀਨੇ ਦੇ ਅੰਕ ਵਿਚ ਡਾ. ਜਾਗੀਰ ਸਿੰਘ ਜੀ ਦਾ ਲੇਖ ਗੁਰੂ ਗ੍ਰੰਥ ਸਾਹਿਬ ਦਾ ਸੰਗੀਤ ਵਿਧਾਨ ਬਹੁਤ ਹੀ ਖੋਜ ਭਰਪੂਰ ਲੇਖ ਹੈ, ਬਹੁਤ ਹੀ ਵਧੀਆ ਲੱਗਿਆ। ਪ੍ਰੋ: ਕਰਤਾਰ ਸਿੰਘ ਜੀ ਦਾ ਰਾਗ ਵਿਵਰਨ-ਰਾਗ ਗੂਜਰੀ ਵੀ ਕਾਬਿਲੇ ਤਾਰੀਫ਼ ਹੈ। ਭਾਈ ਗੁਰਜੰਤ ਸਿੰਘ 'ਰਾਹੀ' ਦਾ ਲੇਖ ਅਤੇ ਬੀਬੀ ਨਰਿੰਦਰ ਕੌਰ ਵਲੋਂ ਰਾਗ ਰਾਮ ਕਲੀ ਵਿਚ ਸ਼ਬਦ ਬੰਦਸ਼ ਬਹੁਤ ਹੀ ਵਧੀਆ ਸਰਲ ਤੇ ਸੁੰਦਰ ਗੀਤ ਹੈ। ਅੰਮ੍ਰਿਤ ਕੀਰਤਨ ਬਹੁਤ ਹੀ ਵਧੀਆ ਮੈਗਜ਼ੀਨ ਹੈ, ਜੋ ਗੁਰਮਤਿ ਸੰਗੀਤ ਦਾ ਪ੍ਰਚਾਰ ਕਰ ਰਿਹਾ ਹੈ। ਡਾ. ਜਾਗੀਰ ਸਿੰਘ ਜੀ ਵਧਾਈ ਦੇ ਪਾਤਰ ਹਨ।

*- ਭਾਈ ਪਰਮਜੀਤ ਸਿੰਘ,*
*ਸੁੰਦਰ ਬਸਤੀ, ਸੰਗਰੂਰ*

♦ ਦਸੰਬਰ ਅੰਕ ਬੇਹੱਦ ਪਸੰਦ ਆਇਆ। ਡਾ. ਜਾਗੀਰ ਸਿੰਘ ਵਲੋਂ ਗੁਰੂ ਗ੍ਰੰਥ ਸਾਹਿਬ ਦਾ ਸੰਗੀਤ ਵਿਧਾਨ ਲੇਖ, ਬਹੁਤ ਹੀ ਕਾਬਿਲੇ ਤਾਰੀਫ਼ ਸੀ, ਗੁਰਜੰਤ ਸਿੰਘ ਵਲੋਂ ਰਾਗ ਤਰਜ਼ (ਗੀਤ) ਸ਼ਬਦ, ਪ੍ਰੋ: ਕਰਤਾਰ ਸਿੰਘ ਵਲੋਂ ਰਾਗ ਵਿਵਰਨ-ਰਾਗ ਗੂਜਰੀ ਲੇਖ, ਬੀਬੀ ਨਰਿੰਦਰ ਕੌਰ ਵਲੋਂ ਰਾਗ ਰਾਮਕਲੀ ਵਿਚ ਕਹਿਰਵਾ ਤਾਲ ਦੀ ਬੰਦਸ਼ ਬਹੁਤ ਹੀ ਵਧੀਆ ਢੰਗ ਨਾਲ ਲਿਖੀ ਬੰਦਸ਼ ਸੀ।

*- ਪ੍ਰੋ: ਮੰਗਤ ਸਿੰਘ ਮਸਤਾਨਾ*
*ਜੀ.ਟੀ ਰੋਡ ਮਲੋਟ, ਮੁਕਤਸਰ*

♦ ਭਾਈ ਅਵਤਾਰ ਸਿੰਘ ਜੀ 'ਹੰਸ' ਪਾਸੋਂ ਦਸੰਬਰ 2005 ਦਾ ਮੈਗਜ਼ੀਨ ਪ੍ਰਾਪਤ ਹੋਇਆ। ਬੜੀ ਖੁਸ਼ੀ ਹੋਈ ਕਿ ਤੁਸੀਂ ਗੁਰਮਤਿ ਸੰਗੀਤ ਦਾ ਨਿੱਗਰ ਪ੍ਰਚਾਰ ਕਰ ਰਹੇ ਹੋ। ਤੁਹਾਡਾ ਲੇਖਕ 'ਗੁਰੂ ਗ੍ਰੰਥ ਸਾਹਿਬ ਦਾ ਸੰਗੀਤ ਵਿਧਾਨ' ਪੜ੍ਹਿਆ। ਬਹੁਤ ਸੁੰਦਰ ਮਨ ਨੂੰ ਮੋਹਨ ਵਾਲਾ ਲਿਖਿਆ ਹੈ। ਜਿਸ ਵਿਚ ਰਾਗ ਰਾਗਨੀਆਂ ਦੇ ਬਾਰੇ ਜੋ ਉਨ੍ਹਾਂ ਦੇ ਸਰੂਪਾਂ ਬਾਰੇ ਜਾਣਕਾਰੀ ਦਿੱਤੀ ਉਹ ਬਹੁਤ ਹੀ ਸ਼ਲਾਘਾ ਯੋਗ ਹੈ। ਅਸੀਂ ਇਹ ਅਰਦਾਸ ਕਰਦੇ ਹਾਂ ਕਿ ਆਪ ਜੀ ਅਤੇ ਆਪਜੀ ਦਾ ਮੈਗਜ਼ੀਨ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰੇ।

ਭਾਈ ਜੋਗਿੰਦਰ ਸਿੰਘ,
ਸੰਤ ਨਗਰ, ਮਹਿਲਾ ਰੋਡ, ਸੰਗਰੂਰ

♦ Stress in the modern fast life is very high and the alarming rise of psychosomatic diseases can be attributed to the unbalance between the mind and body. Peace and happiness are no more fundamentals of life, but more people are in pursuit of them. Mad race for money, space and power go on and on. The hunger for bodily needs is met with but the hunger of mind and the soul in nor appeased.One's inner existence and its demands are not paid attention to. There is an unconcious craving of soul and a cry for psychological well being. Indian classical music is called 'Sangita' in Sanskrit and is therefore - singing, playing and dancing. We have in our lives, in the action of speech, the voice, signifying singing, the pronunciation of words and language we speak signifying playing and movement of body and the various facial expression signifying dancing. There is melody when we speak and laugh, rhythm in pulsating, heart beat, in our circulation of blood, in our inhalatin exhalation, in our body movements and other life activities like hunger & thirst. Music is the miniature of life's harmony to sound.

***- Bakhshish Singh Arora***
*211 Cheema Nagar, Ext.,Jalandhar*

## ਕਰਉ ਬੇਨੰਤੀਆ

# ਕੋਈ ਗਾਵੈ ਰਾਗੀ ਨਾਦੀ ਬੇਦੀ

ਗੁਰਮਤਿ ਸੰਗੀਤਕਾਰਾਂ ਨੂੰ ਕੀਰਤਨੀਏ ਕਿਹਾ ਜਾਂਦਾ ਹੈ। ਕੀਰਤਨੀਆਂ ਲਈ ਗੁਰਮਤਿ ਸੰਗੀਤ ਦੀ ਤਾਲੀਮ ਲੈਣੀ ਜ਼ਰੂਰੀ ਹੈ। ਗੁਰੂ ਗ੍ਰੰਥ ਸਾਹਿਬ ਦੇ ਰਾਗ, ਗਾਇਨ ਸ਼ੈਲੀਆਂ ਅਤੇ ਗੁਰਬਾਣੀ ਦੇ ਅਰਥ ਬੋਧ ਸਬੰਧੀ ਗਿਆਨ ਹੋਣ ਨਾਲ ਕੀਰਤਨੀਏ ਦੇ ਕੀਰਤਨ ਵਿਚ ਖਾਸ ਤਰ੍ਹਾਂ ਦੀ ਖਿੱਚ ਪੈਦਾ ਹੁੰਦੀ ਹੈ। ਪਰ ਇਹ ਸਾਰਾ ਕੁਝ ਆਉਣ 'ਤੇ ਵੀ ਕੀਰਤਨੀਏ ਨੂੰ ਕੀਰਤਨ ਆਪਣੀ ਵਿਦਵਤਾ ਦੇ ਵਿਖਾਵੇ ਲਈ ਨਹੀਂ ਕਰਨਾ ਚਾਹੀਦਾ। ਕੀਰਤਨ ਅਕਾਲ ਪੁਰਖ ਦੇ ਸ਼ੁਕਰਾਨੇ ਲਈ ਕੀਤਾ ਜਾਣਾ ਚਾਹੀਦਾ ਹੈ। ਆਸਾ ਦੀ ਵਾਰ ਨਾਲ ਗਾਇਨ ਕੀਤੇ ਛੰਤਾਂ ਵਿਚ ਅਸੀਂ ਹਰ ਰੋਜ਼ ਗਾਉਂਦੇ-ਸੁਣਦੇ ਹਾਂ:

***ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਤਿ ਕਰਿ***
***ਨਹੀਂ ਹਰਿ ਹਰਿ ਭੀਜੈ ਰਾਮ ਰਾਜੇ॥***
***ਜਿਨਾ ਅੰਤਰਿ ਕਪਟ ਵਿਕਾਰੁ ਹੈ***
***ਤਿਨਾ ਰੋਇ ਕਿਆ ਕੀਜੈ॥***
***ਹਰਿ ਕਰਤਾ ਸਭੁ ਕਿਛੁ ਜਾਣਦਾ***
***ਸਿਰਿ ਰੋਗ ਹਥੁ ਦੀਜੈ॥***
***ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧ ਹੈ***
***ਹਰਿ ਭਗਤਿ ਹਰਿ ਲੀਜੈ॥***

*(ਗੁਰੂ ਗ੍ਰੰਥ ਸਾਹਿਬ, ਪੰਨਾ 450)*

ਗੁਰੂ ਨਾਨਕ ਦੇਵ ਜੀ ਬਾਰੇ ਮਿਹਰਬਾਨ ਵਾਲੀ ਜਨਮ ਸਾਖੀ ਵਿਚ ਇਕ ਸਾਖੀ ਦਰਜ ਹੈ:

ਤਬ ਏਕ ਦਿਨਿ ਗੁਰੂ ਬਾਬਾ ਨਾਨਕ ਜੀ ਕਰਤਾਰ ਪੁਰਿ ਬੈਠਾ ਹੈ ਆਪਣੇ ਅਸਥਰ ਵਿਖੇ। ਅਰੁ ਏਕੁ ਤੀਨਿ ਚਾਰਿ ਬੈਸਨਉ ਗਿਆਨੀ ਆਪਸ ਕਉ ਚਤੁਰ ਬੇਤੇ ਜਾਨਿ ਕਰਿ ਗੁਰੂ ਬਾਬੇ ਕਉ ਆਇ ਮਿਲੈ। ਆਇ ਰਾਮ ਕ੍ਰਿਸਨੁ ਕਰਿ ਬੈਠੇ। ਤਬ ਗੁਰੂ ਬਾਬੇ ਉਨ ਕਉ ਬਹੁਤੁ ਆਦਰੁ ਕੀਆ। ਤਬ ਘੜੀ ਹੇਕ ਦੋਇ ਸਸਤਾਇ ਕਰਿ, ਉਇ ਉਠਿ ਕੀਰਤਨ ਕਰਨੇ ਲਾਗੇ ਰਾਗ ਕਉ ਭਲੀ ਭਾਂਤਿ ਅਲਾਪਿ ਕਰਿ ਅਰੁ ਗੀਝਿ ਗੀਝਿ ਅਖੀ ਮੀਟ ਕਰ ਲਾਗੇ ਗਾਵਣੈ ਅਰੁ ਗਾਵਿ ਗਾਵਿ ਸਾਥੈ ਅਰਥੁ ਲਾਗੇ ਸਮਝਾਵਣੇ, ਆਪ ਕਉ ਚਤੁਰ ਬੇਤੇ ਜਾਨਿ ਕਰਿ। ਤਬ ਗੁਰੂ ਅੰਗਦ, ਗੁਰੂ ਬਾਬੇ ਨਾਨਕ ਪਾਸਿ ਬੇਨਤੀ ਕਰੀ ਜਿ, ਜੀ ਪਾਤਸਾਹ ਏਹ ਤਉ ਬਹੁਤ ਹੀ ਬਹੁਤ ਉਮਗਿ ਉਮਗਿ ਰਾਗ ਕਉ ਗਾਵਤੇ ਪਰ ਜੀ ਦੇਖਾਂ, ਏਨਾ ਕੇ ਮਨ ਕੀ ਬਾਤ ਕਿਉ ਕਰਿ ਹੈ? ਤਬ ਉਨ ਕੇ ਪ੍ਰਥਾਇ ਗੁਰੂ ਬਾਬਾ ਨਾਨਕ ਬਾਣੀ ਬੋਲਿ ਉਠਿਆ ਆਸਾ ਰਾਗ ਮਹਿ:

***ਗਾਵਹਿ ਗੀਤੇ ਚੀਤਿ ਅਨੀਤੇ।***
***ਰਾਗ ਸੁਨਾਇ ਕਹਾਵਹਿ ਬੀਤੇ॥***

*(ਗੁਰੂ ਗ੍ਰੰਥ ਸਾਹਿਬ, ਪੰਨਾ 414)*

ਗੁਰੂ ਗ੍ਰੰਥ ਸਾਹਿਬ ਵਿਚ ਇਸ ਬਾਰੇ ਸਪਸ਼ਟ ਆਦੇਸ਼ ਦਿੱਤੇ ਹੋਏ ਹਨ :

***ਸਹਜੇ ਗਾਵਿਆ ਥਾਇ ਪਵੈ***
***ਬਿਨੁ ਸਹਜੈ ਕਥਨੀ ਬਾਦਿ॥***

- - -

***ਭਲੋ ਭਲੋ ਰੇ ਕੀਰਤਨੀਆ***
***ਰਾਮ ਰਮਾ ਰਾਮਾ ਗੁਨ ਗਾਉ॥***
***ਛੋਡਿ ਮਾਇਆ ਕੇ ਧੰਧ ਸੁਆਉ॥।***

*(ਗੁਰੂ ਗ੍ਰੰਥ ਸਾਹਿਬ, ਪੰਨਾ 884)*

***ਇਕਿ ਗਾਵਤਿ ਰਹੇ ਮਨਿ ਸਾਦੁ ਨ ਪਾਇ॥***
***ਹਉਮੈ ਵਿਚਿ ਗਾਵਹਿ ਬਿਰਥਾ ਸਭ ਜਾਇ॥***

*(ਗੁਰੂ ਗ੍ਰੰਥ ਸਾਹਿਬ, ਪੰਨਾ 158)*

ਲੋੜ ਹੈ ਅਜਿਹੇ ਭਾਵਾਂ ਨੂੰ ਮਨ ਵਿਚ ਰਖਦਿਆਂ ਕੀਰਤਨ ਕਰਨ ਦੀ। ਇਸ ਨਾਲ ਹੀ ਸਾਡਾ ਕੀਰਤਨ ਪ੍ਰਵਾਨ ਹੋ ਸਕਦਾ ਹੈ:

***ਜਿਸ ਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ ਥਾਇ ਪਵੈ***
***ਸੋ ਪਾਵਹਿ ਦਰਗਹਿ ਮਾਨ॥***

*(ਗੁਰੂ ਗ੍ਰੰਥ ਸਾਹਿਬ, ਪੰਨਾ 734)*

# ਪੰਜਾਬ ਵਿਚ ਤਬਲੇ ਦੀ ਉਤਪਤੀ ਅਤੇ ਵਿਕਾਸ

ਗੁਰਜੰਤ ਸਿੰਘ ਰਾਹੀ

ਪੰਜਾਬ ਘਰਾਣੇ ਦੇ ਤਬਲਾਵਾਦਕ ਦਿੱਲੀ ਨਹੀਂ ਗਏ। ਪੰਜਾਬ ਦੇ ਉਸਤਾਦ ਹੁਸੈਨ ਬਖਸ਼ ਦੇ ਪੁੱਤਰ ਫਕੀਰ ਬਖਸ਼ ਦੇ ਬੇਟੇ ਮੀਆਂ ਕਾਦਰ ਬਖਸ਼ ਆਪਣੇ ਸਮੇਂ ਦੇ ਧਨੰਤਰ ਪਖਾਵਜੀ ਸਨ, ਜਿਨ੍ਹਾਂ ਨੇ ਪਖਾਵਜ ਦੇ ਬੋਲਾਂ ਨੂੰ ਬੰਦ ਕਰਕੇ ਤਬਲੇ ਦੇ ਵੱਜਣ ਯੋਗਣ ਬਣਾਇਆ। ਤਬਲਾ ਵਾਦਨ ਵਿਚ ਪਖਾਵਜ ਦੀ ਰੂਹ ਹੈ। ਪੰਜਾਬ ਦਾ ਇਕ ਦੁਖਾਂਤ ਹੈ ਕਿ ਸਾਡੇ ਪੂਰਵਜਾਂ ਨੇ ਆਪਣਾਂ ਤੇ ਆਪਣੀ ਕਲਾ ਦਾ ਕੋਈ ਲਿਖਤੀ ਪ੍ਰਮਾਣ ਨਹੀਂ ਰੱਖਿਆ। ਜੋ ਗੈਰਾਂ ਨੇ ਲਿਖਿਆ ਉਹ ਸਿਰਫ਼ ਨਾ ਮਾਤਰ ਹੈ। ਪਰ ਇਹ ਵੀ ਜ਼ਰੂਰੀ ਨਹੀਂ ਜੋ ਨਹੀਂ ਲਿਖਿਆ ਗਿਆ ਉਹ ਇਤਿਹਾਸ ਨਹੀਂ। ਲਿਖਤੀ ਤੋਂ ਬਿਨਾਂ ਵੰਸ ਪਰੰਪਰਾ ਅਤੇ ਮੌਖਿਕ ਕਹਾਣੀਆਂ, ਕਾਰਨਾਮੇ, ਦੰਤ ਕਥਾਵਾਂ ਵਿਚ ਵੀ ਇਤਿਹਾਸ ਛੁਪਿਆ ਹੁੰਦਾ ਹੈ। ਸੰਗੀਤ ਇਕ ਐਸੀ ਕਲਾ ਹੈ ਜੋ ਸਦੀਆਂ ਤੋਂ ਪੁਸ਼ਤ ਦਰ ਪੁਸ਼ਤ ਸੀਨਾ ਬਸੀਨਾ ਪੁੱਤਰਾਂ ਅਤੇ ਸ਼ਾਗਿਰਦਾਂ ਰਾਹੀਂ ਅੱਗੇ ਤੋਂ ਅੱਗੇ ਤੁਰੀ ਆ ਰਹੀ ਹੈ। ਸੰਗੀਤ ਭਗਤੀ ਨਾਲ ਜੁੜਿਆ ਹੋਣ ਕਰਕੇ ਮੁਕਤੀ ਦਾ ਸਾਧਨ ਮੰਨਿਆ ਜਾਂਦਾ ਹੈ। ਹਰੇਕ ਸਾਧਕ ਨੇ ਜੋ ਆਪਣੇ ਗੁਰੂ ਤੋਂ ਸਿੱਖਿਆ ਉਸ ਨੂੰ ਅਗਲੇ ਵਾਰਸ ਨੂੰ ਸੌਂਪਿਆ। ਇਹੀ ਕਾਰਨ ਹੈ ਕਿ ਅੱਜ ਵੀ ਸਦੀਆਂ ਪੁਰਾਣੀਆਂ ਬੰਦਸ਼ਾਂ, ਪਰਨਾਂ, ਗਤਾਂ ਆਦਿ ਮੌਜੂਦਾ ਗਾਇਕ-ਵਾਦਕ ਵਜਾ ਰਹੇ ਹਨ ਤੇ ਪ੍ਰਾਚੀਨ ਰਾਗਾਂ ਦੇ ਸਰੂਪ ਕਾਇਮ ਹਨ। ਇਸ ਵਿਚਾਰ ਨਾਲ ਸਾਰੇ ਸਹਿਮਤ ਹਨ ਕਿ ਤਬਲੇ ਦੀ ਉਤਪਤੀ ਪਖਾਵਜ ਤੋਂ ਹੋਈ ਇਹ ਕਿਸ ਨੇ ਕੀਤੀ? ਇਤਿਹਾਸ ਵਿਚ ਦੋ ਨਾਵਾਂ ਦਾ ਜ਼ਿਕਰ ਆਉਂਦਾ ਹੈ। ਪਹਿਲਾ ਅਮੀਰ ਖੁਸਰੋ ਦਾ ਨਾਮ ਆਉਂਦਾ ਹੈ (1296 ਈ)। ਬਾਦਸ਼ਾਹ ਅਕਬਰ ਸਮੇਂ (1550-1605) ਈ ਦੇ ਲਿਖਾਰੀ 'ਅਬੁਲ ਫਜ਼ਲ ਕਰਤਾ ਆਈਨੇ ਅਕਬਰੀ' ਵਿਚ ਕਿਤੇ ਇਹ ਜ਼ਿਕਰ ਨਹੀਂ ਕੀਤਾ ਕਿ ਤਬਲੇ ਦਾ ਅਵਿਸ਼ਕਾਰ ਅਮੀਰ ਖੁਸਰੋ ਨੇ ਕੀਤਾ। ਇਸ ਵਿਚਾਰ ਦੀ ਪੁਸ਼ਟੀ ਲਈ ਅਕਤੂਬਰ 1975 ਈ ਵਿਚ ਪ੍ਰਕਾਸ਼ਿਤ ਪੁਸਤਕ ਉਰਦੂ 'ਹਜਰਤ ਅਮੀਰ ਖੁਸਰ' ਕਾ ਇਲਮੇ ਮੋਸਿਕੀ' ਕਰਤਾ ਜਨਾਬ ਰਸੀਂ ਮਲਿਕ (ਪਾਕਿਸਤਾਨ) ਵਿਚ ਲਿਖਿਆ ਹੈ ਕਿ ਹਜਰਤ ਅਮੀਰ ਖੁਸਰੋ ਨੂੰ ਭਾਰਤੀ ਸੰਗੀਤ ਦਾ ਕੋਈ ਗਿਆਨ ਨਹੀਂ ਸੀ। ਉਨ੍ਹਾਂ ਨੇ ਹਿੰਦੁਸਤਾਨੀ ਸੰਗੀਤ ਵਿਚ ਕਿਸੇ ਰਾਗ ਤਾਲ ਜਾਂ ਸਾਜ ਦੀ ਕੋਈ ਨਵੀਂ ਕਾਢ ਨਹੀਂ ਕੱਢੀ। ਉਹ ਈਰਾਨੀ ਸੰਗੀਤ ਦੇ ਚੰਗੇ ਜਾਣਕਾਰ ਸਨ। ਬਾਦਸ਼ਾਹ ਅਕਬਰ ਦੇ ਸਮੇਂ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ (ਸੰਪਾਦਨ 1606 ਈ) ਵਿਚ 'ਤਬਲਾਵਾਜ ਵੀਚਾਰ ਸ਼ਬਦ ਸੁਣਾਇਆ' (ਮਾਝ ਵਾਰ ਮਹਲਾ ੧ ਅੰਗ 142 ਸ੍ਰੀ ਗੁਰੂ ਗ੍ਰੰਥ ਸਾਹਿਬ) ਸਿੱਧ ਕਰਦਾ ਹੈ ਕਿ ਗੁਰਮਤਿ ਸੰਗੀਤ ਵਿਚ ਤਬਲਾ ਆਪਣਾ ਸਥਾਨ ਅਤੇ ਪਹਿਚਾਣ ਬਣਾ ਚੁੱਕਿਆ ਸੀ। ਦੂਸਰਾ ਨਾਂ ਆਉਂਦਾ ਹੈ ਦਿੱਲੀ ਦੇ ਉਸਤਾਦ ਸਿਧਾਰ ਖਾਂ ਦਾ ਜਿਸ ਨੂੰ ਮਾਨਤਾ ਦਿੰਦੇ ਹਨ। ਤਬਲਾ ਸੰਗੀਤ ਦੇ ਕਿਸੇ ਲਿਖਾਰੀ ਨੇ ਇਹ ਜਿਕਰ ਨਹੀਂ ਕੀਤਾ ਕਿ ਉਸਤਾਦ ਸਿਧਾਰ ਖਾਂ ਦਾ ਸਮਾਂ ਕੀ ਸੀ। 'ਤਾਲ ਪਰੀਚੈ ਹਰੀਸ਼ ਚੰਦਰ ਸ੍ਰੀ ਵਾਸਤਵ (ਛਪਾਈ 1968) ਵਿਚ ਵੀ ਜ਼ਿਕਰ ਨਹੀਂ ਹੈ। ਜਦੋਂ ਕਿ ਇਸ ਦਾ ਕਰਤਾ ਸੰਗੀਤ ਦੇ ਕ੍ਰਿਆਤਮਕ ਅਤੇ ਇਤਿਹਾਸਕ ਪੱਖ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ। ਇਸ ਵਿਚਾਰ ਦਾ ਵਿਸ਼ਲੇਸ਼ਣ ਕਰਨ ਲਈ ਅਸੀਂ ਸੀਨਾ ਬਸੀਨਾ ਚਲੇ ਆ ਰਹੇ ਮੌਖਿਕ ਇਤਿਹਾਸ ਦਾ ਸਹਾਰਾ ਲੈਂਦੇ ਹਾਂ।

ਉਸਤਾਦ ਸਿਧਾਰ ਖਾਂ ਢਾਡੀ ਖਾਨਦਾਨ ਨਾਲ ਸਬੰਧਤ ਸਨ ਜੋ ਦਿੱਲੀ ਦਰਬਾਰ ਵਿਚ ਪਖਾਵਜੀ ਸਨ। ਰਾਜਪੂਤਾਂ ਦੀਆਂ ਦੋ ਜਾਤੀਆਂ ਚਾਰਨ ਅਤੇ ਭੱਟ ਜੋ ਗਾ ਕੇ ਆਪਣੀ ਰੋਜ਼ੀ ਰੋਟੀ ਤੋਰਦੇ ਸਨ। ਭੱਟ ਕਵੀ ਸਨ ਜਿਨ੍ਹਾਂ ਦੀ ਕਵਿਤਾ (ਬਾਣੀ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭੱਟਾਂ ਦੇ ਸਵੱਈਏ ਦਰਜ ਹਨ। ਚਰਨਾਂ ਦੀਆਂ ਅੱਗੋਂ ਢਾਡੀ ਅਤੇ ਕਲੌਂਤ ਜਾਂ ਕਲਾਵੰਤ ਜਾਤਾਂ ਬਣੀਆਂ। ਢਾਡੀ ਵਾਦਕ ਅਤੇ ਕਲਾਵੰਤ ਗਾਇਕ ਹੋ ਗਏ। ਪੰਜਾਬ ਵਿਚ ਜਗਰਾਵਾਂ ਨੇੜੇ ਤਲਵੰਡੀ ਦੇ ਕਲੌਂਤ ਮਸ਼ਹੂਰ ਸਨ। ਕਲੌਂਤ ਤੇ ਢਾਡੀ ਨੇੜੇ ਦੇ ਰਿਸ਼ਤੇਦਾਰ ਸਨ। ਜੋ ਆਪਣੇ ਖੇਤਰ ਵਿਚ ਤਰੱਕੀ ਕਰਦੇ ਗਏ। ਢਾਡੀ ਪਖਾਵਜੀ ਮਸ਼ਹੂਰ ਹੋਏ। ਪੰਜਾਬ ਦੇ ਪਖਾਵਜੀ ਇਹ ਮੰਨਦੇ ਹਨ ਕਿ ਪਖਾਵਜ ਵਾਦਨ ਦੀ ਸਿੱਖਿਆ ਸਾਨੂੰ ਸਵਰਗ ਵਿਚੋਂ ਮਿਲੀ ਹੈ। ਰਾਜੇ ਇੰਦਰ ਦੇ ਦਰਬਾਰ ਦੇ ਕਿੰਨਰਾਂ ਦੁਆਰਾ ਇਹ ਵਿਦਿਆ ਇਸ ਲੋਕ ਤੇ ਆਈ। ਪੰਜਾਬ ਵਾਲੇ ਲਾਲਾ ਭਵਾਨੀਦਾਸ ਨੂੰ ਆਪਣਾ ਗੁਰੂ ਮੰਨਦੇ ਹਨ। ਇਹ ਮੀਆ ਤਾਨਸੈਨ ਨਾਲ ਪਖਾਵਜ ਦੀ ਸੰਗਤ ਕਰਦੇ ਸਨ।

ਇਹ ਅਕਬਰ ਦੇ ਦਰਬਾਰੀ ਵਾਦਕ ਸਨ। ਇਨ੍ਹਾਂ ਦੇ ਵੰਸਜ਼ ਪੰਜਾਬ ਵਿਚ ਟਿਕੇ ਰਹੇ। ਅੱਜ ਵੀ ਪੰਜਾਬ ਦਾ ਤਬਲਾ ਪਖਾਵਜ ਵਾਜ ਹੈ। ਉਸਤਾਦ ਸਿਧਾਰ ਖਾਂ ਦਿੱਲੀ ਦਰਬਾਰੇ ਪਖਾਵਜੀ ਸਨ। ਬੜੌਦਾ ਦੇ ਪਖਾਵਜੀ ਭਗਵਾਨ ਸਿੰਘ ਦੇ ਨਾਲ ਸਭਾ ਵਿਚ ਮਾਤ ਖਾ ਗਏ ਅਤੇ ਇਸ ਨਮੋਸ਼ੀ ਦੇ ਕਾਰਨ ਪਖਾਵਜ ਵਾਦਨ ਹੀ ਛੱਡ ਗਏ। ਬਾਅਦ ਵਿਚ ਉਨ੍ਹਾਂ ਨੇ ਪਖਾਵਜ ਦੇ ਬੋਲਾਂ ਨੂੰ ਬੰਦ ਕਰਕੇ ਤਬਲੇ ਉਪਰ ਵਜਾ ਕੇ ਤਬਲੇ ਦੇ ਦਿੱਲੀ ਘਰਾਣੇ ਦੀ ਨੀਂਹ ਰੱਖੀ।

ਪੰਜਾਬ ਵਿਚ ਅੱਜ ਵੀ ਕਿਤੇ ਕਿਤੇ ਤਬਲੇ ਉਤੇ ਆਟਾ ਲਾ ਕੇ ਵਜਾਇਆ ਜਾਂਦਾ ਹੈ। ਜਿਸ ਤੇ ਖੁੱਲੇ ਪਖਾਵਜ ਦੇ ਬੋਲ ਜਿਨ੍ਹਾਂ ਨੂੰ ਸਾਥ ਕਿਹਾ ਜਾਂਦਾ ਹੈ ਵੱਜਦੇ ਆਮ ਸੁਣਦੇ ਹਾਂ। ਇਹ ਸਿੱਧ ਕਰਦਾ ਹੈ ਕਿ ਤਬਲੇ ਦੀ ਉਤਪਤੀ ਅਤੇ ਵਿਕਾਸ ਪੰਜਾਬ ਵਿਚ ਹੋਇਆ। ਹੁਣ ਵੀ ਪੁਰਾਣੇ ਬਜ਼ੁਰਗ ਪੰਜਾਬ ਵਿਚ ਤਬਲੇ ਨੂੰ ਜੋੜੀ ਜਾਂ ਦੁਕੜ ਆਖਦੇ ਹਨ। ਸੰਨ 1604 ਈ. ਦੇ ਨੇੜੇ ਜਦੋਂ ਬਾਬਾ ਬੁੱਲੇ ਸ਼ਾਹ ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ਦਰਸ਼ਨ ਕਰਨ ਗਏ ਤਾਂ ਉਥੇ ਹੁੰਦੇ ਕੀਰਤਨ ਅਤੇ ਲੰਗਰ ਦੀ ਪ੍ਰੰਪਰਾ ਤੋਂ ਇਨਾਂ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਆਪਣੇ ਕਲਾਮ ਵਿਚ ਇਹ ਲਿਖਿਆ:

"ਇਟ ਖੜਕਾ ਦੁਕੜ ਵੱਜੇ ਨਾਲੇ ਤਪੇ ਚੁਲਾ
ਏਥੇ ਮੇਰਾ ਰਾਂਝਾ ਰਾਜੀ ਨਾਲੇ ਰਾਜੀ ਬੁਲਾ"

ਇਹ ਕਵਿਤਾ ਦੀਆਂ ਪੰਗਤੀਆਂ ਸਿੱਧ ਕਰਦੀਆਂ ਹਨ ਕਿ ਗੁਰਮਤਿ ਸੰਗੀਤ ਵਿਚ ਉਸ ਵੇਲੇ ਤਬਲੇ ਦੀ ਸੰਗਤ ਮੌਜੂਦ ਸੀ ਭਾਵ 15ਵੀਂ ਸਦੀ ਵਿਚ ਜੋੜੀ (ਤਬਲਾ) ਆਪਣੀ ਪਹਿਚਾਣ ਬਣਾ ਗਿਆ ਸੀ। ਜਦੋਂ ਕਿ ਬਾਕੀ ਸਾਰੇ ਭਾਰਤ ਵਿਚ ਤਬਲਾ ਵਾਦਨ ਦੀ ਹੋਂਦ 18ਵੀਂ ਸਦੀ ਵਿਚ ਠੁਮਰੀ, ਖਿਆਲ ਗਾਇਕੀ ਨਾਲ ਹੋਈ ਮੰਨਦੇ ਹਨ। ਕਿਉਂਕਿ ਧਰੁਪਦ ਧਮਾਰ ਦੀ ਸੰਗਤ ਲਈ ਤਾਂ ਪਖਾਵਜ ਹੀ ਕਬੂਲ ਸੀ। ਇਸ ਤੋਂ ਵੀ ਸਿੱਧ ਹੁੰਦਾ ਹੈ ਕਿ ਤਬਲੇ ਦਾ ਵਿਕਾਸ ਪੰਜਾਬ ਵਿਚ ਹੋਇਆ।

ਉਸਤਾਦ ਸਿਧਾਰ ਖਾਂ ਦੇ ਪੋਤਰੇ ਮੱਦੂ ਖਾਂ ਦੀ ਸ਼ਾਦੀ ਪੰਜਾਬ ਦੇ ਢਾਡੀ ਖਾਨਦਾਨ ਵਿਚ ਹੋਈ ਸੀ। ਜਿਨ੍ਹਾਂ ਨੇ ਆਪਣੇ ਲੜਕੀ ਨੂੰ ਦਾਜ ਵਿਚ ਪਖਾਵਜ ਦੀਆਂ 500 ਗਤਾ ਦਿੱਤੀਆਂ ਸਨ ਜੋ ਕਿ ਆਮ ਨਹੀਂ ਸਨ। ਸਗੋਂ ਪਿਓ ਦਾਦੇ ਦਾ ਖਜ਼ਾਨਾ ਸੀ। ਇਸੇ ਹੀ ਮਦੂ ਖਾਂ ਦੇ ਸ਼ਾਗਿਰਦ ਪੰਡਤ ਰਾਮ ਸਹਾਏ ਬਨਾਰਸ ਵਾਲੇ ਹੋਏ। ਕੁਝ ਸਮਾਂ ਉਸਤਾਦ ਮਦੂ ਖਾਂ ਘਰੋਂ ਬਾਹਰ ਚਲੇ ਗਏ ਤਾਂ ਪੰਡਿਤ ਰਾਮ ਸਹਾਏ ਦੀ ਸਿੱਖਿਆ ਵਿਚ ਖੜੋਤ ਆਉਣ ਕਰਕੇ ਉਦਾਸ ਰਹਿਣ ਲੱਗੇ ਤਾਂ ਗੁਰੂ ਮਾਤਾ ਨੇ ਆਪਣੇ ਪੇਕਿਆਂ ਦੀਆਂ ਉਹ ਗਤਾਂ ਜੋ ਪੰਜਾਬ ਰਾਜ ਦੀਆਂ ਸਨ ਰਾਮ ਸਹਾਏ ਨੂੰ ਸਿਖਾਈਆਂ। ਇਸ ਤਰ੍ਹਾਂ ਬਨਾਰਸ ਘਰਾਨੇ ਦੇ ਵਾਦਨ ਵਿਚ ਵੀ ਪੰਜਾਬ ਦੀ ਰੂਹ ਹੈ।

ਸੰਨ 1977 ਈ. ਵਿਚ ਲੁਧਿਆਣਾ ਵਿਖੇ ਉਸਤਾਦ ਬਹਾਦਰ ਸਿੰਘ ਜੀ ਦੀ ਬਰਸੀ ਮੌਕੇ ਗੁਦਈ ਮਹਾਰਾਜ ਦੇ ਇਕ ਸ਼ਾਗਿਰਦ ਤਬਲਾ ਵਾਦਨ ਲਈ ਆਏ ਸਨ। ਉਸ ਸਮੇਂ ਸਵਰਗੀ ਉਸਤਾਦ ਪੰਡਿਤ ਚਿੰਤਾ ਮਨੀ ਜੀ ਨੇ ਉਪਰੋਕਤ ਗੱਲ ਸਰੋਤਿਆਂ ਦੇ ਸਨਮੁੱਖ ਆਖੀ ਅਤੇ ਕਿਹਾ ਵੇਖਣਾ ਹੈ ਕਿ ਇਸ ਘਰਾਣੇਦਾਰ ਤਬਲਾ ਵਾਦਕ ਦੇ ਵਾਦਨ ਵਿਚ ਪੰਜਾਬ ਦੀ ਰੂਹ ਹੈ ਜਾਂ ਨਹੀਂ। ਬਾਅਦ ਵਿਚ ਉਹੀ ਵਾਦਕ ਪੰਡਿਤ ਜੀ ਕੋਲ ਉਹ ਗੱਲ ਸਮਝਣ ਲਈ ਕਈ ਦਿਨ ਗੇੜੇ ਮਾਰਦਾ ਰਿਹਾ। ਪਰ ਉਨ੍ਹਾਂ ਪ੍ਰਵਾਨਗੀ ਨਹੀਂ ਦਿੱਤੀ। ਉਸ ਵੇਲੇ ਇਨ੍ਹਾਂ ਸਤਰਾਂ ਦਾ ਲੇਖਕ ਪੰਡਿਤ ਜੀ ਤੋਂ ਤਾਲੀਮ ਲੈ ਰਿਹਾ ਸੀ। ਇਹ ਅਣਲਿਖਿਆ ਇਤਿਹਾਸ ਹੈ ਜਿਸ ਨੂੰ ਲਿਖਣ ਦੀ ਕੋਸ਼ਿਸ਼ ਕੀਤੀ ਗਈ । ਤਾਂ ਜੋ ਅਗਲੀ ਪੀੜੀ ਆਪਣੇ ਵਿਰਸੇ ਤੋਂ ਜਾਣੂ ਹੋ ਸਕੇ।

*ਗੁਰਮਤਿ ਸੰਗੀਤ ਵਿਦਿਆਲਾ, ਗਿਆਨੀ ਦਿੱਤ ਸਿੰਘ ਕਲੋਨੀ,*
*ਨਾਨਕਿਆਣਾ ਰੋਡ ਸੰਗਰੂਰ*

# ਅਨਹਤ ਵਾਜੇ ਵਜਹਿ ਘਰ ਮਹਿ ਪਿਰ ਸੰਗ ਸੇਜ ਵਿਛਾਈ

ਭਗਵੰਤ ਸਿੰਘ ਦਲਾਵਰੀ

ਜਦੋਂ ਵੀ ਬਾਣੀ ਵਿਚ 'ਅਨਹਦ', 'ਅਨਹਤ' ਵਗੈਰਾ ਸ਼ਬਦ ਆਉਂਦਾ ਹੈ ਮੈਂ ਅੰਦਰ ਦੀਆਂ ਖ਼ੁਸ਼ੀਆਂ ਅੰਦਰ ਦਾ ਆਨੰਦ ਜਾਂ ਅੰਦਰ ਦੀ ਪੂਰਨ ਸ਼ਾਂਤੀ ਦਾ ਮਤਲਬ ਸਮਝ ਕੇ ਗੁਜ਼ਾਰਾ ਕਰ ਲੈਂਦਾ ਸੀ। ਸਗੋਂ ਪੂਰੀ ਤਰ੍ਹਾਂ ਅਨਪੜ੍ਹ ਤੇ ਪਾਪੀ ਹੋਣ ਕਰਕੇ ਇਹ ਵੀ ਸਮਝ ਨਹੀਂ ਸੀ ਆਉਂਦੀ ਕਿ ਜਦੋਂ ਕਈ ਵਾਰੀ 'ਗਿਆਨੀ' ਲੋਗ ਅੰਦਰ 'ਵਾਜੇ ਵਜਦੇ' ਜਾਂ ਅੰਦਰ 'ਰੌਸ਼ਨੀ ਲਿਸ਼ਕਦੀ' ਦੀਆਂ ਗੱਲਾਂ ਕਰਦੇ, ਮੈਂ ਬਿਟ ਬਿਟ ਤੱਕਣ ਲੱਗ ਪੈਂਦਾ। ਮੈਂ ਗੁਰੂ ਦਾ ਬੈਖਰੀਦ ਗੁਲਾਮ ਹਾਂ ਤੇ ਕਿਉਂਕਿ ਮੇਰਾ ਹੋਰ ਕੋਈ ਸਹਾਰਾ ਹੀ ਨਹੀਂ ਮੈਂ ਗੁਰੂ ਗ੍ਰੰਥ ਸਾਹਿਬ ਮਹਾਰਾਜ ਦੇ ਚਰਨਾਂ ਦੇ ਆਸ਼ਰਮ ਵਿਚ ਬਹਿ ਕੇ, ਗੁਰੂ ਚਰਨਾਂ ਦਾ ਸਹਾਰਾ ਲੈ ਕੇ 'ਗਿਆਨ' ਨੂੰ 'ਰੌਸ਼ਨੀ', 'ਅਗਿਆਨਤਾ' ਨੂੰ 'ਹਨੇਰਾ' ਤੇ 'ਵਾਜੇ ਅਨਹਦ ਤੂਰੇ' ਨੂੰ 'ਮਨ ਆਨੰਦ ਭਇਆ' ਜਾਣ ਕੇ ਅਪਨਾ ਆਪ ਅਰਪਣ ਕਰਦਾ ਰਿਹਾ।

ਕੁਝ ਦਿਨ ਹੋਏ ਟੀ ਵੀ ਤੇ ਗਿਆਨੀ ਸੰਤ ਸਿੰਘ ਮਸਕੀਨ ਜੀ ਨੂੰ ਇਹ ਕਹਿੰਦਿਆਂ ਸੁਣਿਆ 'ਖੁਲਾਸਾ ਤੇ ਫਿਰ ਕਦੇ ਕਰਾਂਗੇ ਇਤਨੀ ਗੱਲ ਸਮਝ ਲਈਏ ਕਿ 'ਅਨਹਦ' ਦਾ ਮਤਲਬ ਹੈ ਉਹ ਅਵਾਜ਼ ਜਿਹੜੀ ਕਿਸੇ ਦੋ ਚੀਜ਼ਾਂ ਦੇ ਟਕਰਾਅ ਬਗੈਰ ਹੀ ਵੱਜੇ।' ਮੈਂ ਉਸ ਦਿਨ ਤੋਂ ਇਸ ਆਪਣੇ ਆਪ ਨਿਕਲਣ ਵਾਲੀ ਅਵਾਜ਼ ਜਾਂ ਆਪਣੇ ਆਪ ਵੱਜਣ ਵਾਲੇ ਨਾਦ ਨੂੰ ਦਿਲ ਨਾਲ ਖੋਜਣ ਦੀ ਕੋਸ਼ਿਸ਼ ਕਰਦਾ ਰਿਹਾ। ਕੋਸ਼ਿਸ਼ ਤਾਂ ਅਸਫਲ ਰਹੀ ਪਰ ਜਿਵੇਂ ਮੈਂ ਪਹਿਲਾਂ ਕਹਿੰਦਾ ਰਿਹਾ ਹਾਂ ਗੁਰੂ ਸਾਹਿਬਾਨ ਨੇ ਸਾਡੀ ਸਾਰੀ ਫਿਲਾਸਫੀ ਨੂੰ 'ਨਾਮ' ਦੀ ਫਿਲਾਸਫੀ ਵਿਚ ਪ੍ਰਗਟ ਕਰਕੇ ਕੇਵਲ ਕਰਮ ਕਾਂਡ ਨੂੰ ਹੀ ਨਹੀਂ ਪਛਾੜ ਦਿਤਾ ਬਲਕਿ ਉਹ ਸਾਰੀਆਂ ਗੱਲਾਂ ਜਿਹੜੀਆਂ ਕਰਮਕਾਂਡ ਉਤੇ ਨਿਰਭਰ ਸਨ ਉਨ੍ਹਾਂ ਨੂੰ ਵੀ ਕੇਵਲ ਨਾਮ ਦੇ ਅਧਾਰ ਨਾਲ ਹੀ ਸਮਝਾਣ ਦਾ ਉਪਰਾਲਾ ਕੀਤਾ। ਉਦਾਹਰਣ ਵਜੋਂ ਭਾਵੇਂ ਮਹੀਨਿਆਂ, ਥਿਤੀਆਂ, ਵਾਰਾਂ, ਬਸੰਤ, ਸਾਵਣ ਤੇ ਹੋਰ ਕਈ ਖਾਸ ਤਰ੍ਹਾਂ ਦੇ ਸਮੇਂ ਜਾਂ ਹਾਲਾਤ ਦੀ ਗੱਲ ਕੀਤੀ, ਸਾਫ਼ ਕਰਕੇ ਦਸ ਦਿੱਤਾ ਕਿ ਸਭ ਦੀ ਪ੍ਰਸੰਗਿਕਤਾ ਉਦੋਂ ਤਕ ਹੀ ਹੈ ਜਦ ਤਕ ਪ੍ਰਭੂ ਦੀ ਯਾਦ ਹੈ। ਮਤਲਬ ਕੋਈ ਬਸੰਤ, ਕੋਈ ਮਹੀਨਾ, ਕੋਈ ਵਾਰ, ਕੋਈ ਰੁੱਤੇ ਬੰਦੇ ਨੂੰ ਸੁਖੀ ਨਹੀਂ ਕਰ ਸਕਦੀ ਜੇ ਨਾਮ ਰੰਗ ਨਹੀਂ ਚੜ੍ਹਿਆ ਤੇ ਕੋਈ ਥਾਂ ਬੰਦੇ ਨੂੰ ਦੁਖੀ ਨਹੀ ਕਰ ਸਕਦੀ ਜੇ ਨਾਮ ਲੇਥੂ ਪੇਥੂ ਹੈ। ਇਸੇ ਲਈ ਕਬੀਰ ਸਾਹਿਬ ਨੇ ਹੜੰਬੇ ਤੇ ਕਾਸ਼ੀ ਨੂੰ ਇਕੋ ਜਿਹਾ ਮੰਨਿਆ। ਮੈਂ ਤਾਂ ਗੁਰੂ ਸਾਹਿਬ ਦੇ ਕਥਨਾਂ ਦੀ ਵਿਚਾਰ ਇਸ ਨਾਮ ਦੀ ਕਸਵੱਟੀ ਰਾਹੀਂ ਅੰਦਰਲੇ ਸੁਖ ਦਾ ਪ੍ਰਤੀਕ ਸਮਝਦਾ ਹਾਂ ਭਾਵੇਂ ਉਹ ਅਨਹਦ ਸ਼ਬਦ ਦੀ ਗੱਲ ਹੋਵੇ, ਭਾਵੇਂ ਨਿਜ ਸੁਖ ਦੀ, ਮਹਾਂ ਅਨੰਦ ਦੀ, ਭਾਵੇਂ ਮਹਾਂ ਰਸ ਜਾਂ 'ਖਿੜਿਆ ਹਰਿਆ ਬਾਗ' ਦੀ। ਵੇਖੋ ਹੁਕਮ:

*"ਨਾਨਕ ਸੋਈ ਦਿਨਸੁ ਸੁਹਾਵੜਾ*
*ਜਿਤੁ ਪ੍ਰਭੁ ਆਵੈ ਚਿਤਿ ॥*
*ਜਿਤੁ ਦਿਨਿ ਵਿਸਰੈ ਪਾਰਬ੍ਰਹਮ*
*ਫਿਟੁ ਭਲੇਰੀ ਰੁਤਿ ॥* ਪੰਨਾ ੩੧੮
*ਹਰਿ ਕਾ ਸੰਤੁ ਮਰੈ ਹਾੜੰਬੈ*
*ਤ ਸਗਲੀ ਸੈਨ ਤਰਾਈ ॥* ਪੰਨਾ ੪੮੪

ਹਾਂ, ਜਿਸ ਗੱਲ ਤੋਂ ਇਹ ਲੇਖ ਲਿਖਣ ਲੱਗਾ ਸੀ ਉਹ ਹੈ ਦੋ ਚੀਜ਼ਾਂ ਦੇ ਟਕਰਾਅ ਬਗੈਰ ਨਿਕਲੀ ਅਵਾਜ਼। ਮੈਂ ਸਮਝਦਾ ਹਾਂ ਗੁਰੂ ਦੇ ਸਿੱਖ ਅੰਦਰ ਤਾਂ ਹਰ ਵੇਲੇ ਟਕਰਾਅ ਹੁੰਦਾ ਰਹਿੰਦਾ ਹੈ ਦੋ ਚੀਜ਼ਾਂ ਦਾ। ਪਰ ਇਹ ਅਦ੍ਰਿਸ਼ਟ ਰਹਿਮਤ ਹੈ ਜੋ ਸਾਡੇ ਧਰਮ ਦਾ ਮੂਲ ਹੈ, ਮੈਂ ਤਾਂ ਵੇਖਦਾ ਹਾਂ ਕਿ ਮੇਰੇ ਅੰਦਰ ਹਰ ਵੇਲੇ ਸ਼ਬਦ ਤੇ ਸੁਰਤਿ ਦਾ ਟਕਰਾਅ ਚੱਲ ਰਿਹਾ ਹੈ ਤੇ ਉਹੀ ਟਕਰਾਅ ਪੈਦਾ ਰਿਹਾ ਹੈ ਅਨਹਦ ਨਾਦ, ਅਨਹਦ ਖ਼ੁਸ਼ੀ, ਅਨਹਦ ਖੇੜਾ, ਅਨਹਦ ਪ੍ਰੇਮ, ਅਨਹਦ ਰਸ, ਅਨਹਦ ਰੰਗ ਤੇ ਅਨਹਦ ਨਿਰਵੈਰਤਾ। ਅਨਹਦ ਨੂੰ ਭਾਵੇਂ ਬੇਹੱਦ ਵੀ ਕਹਿ ਲਈਏ। ਵੇਖੋ, ਗੁਰੂ ਦਾ ਕਮਾਲ! ਮੇਰੇ ਅੰਦਰ ਭਾਵੇਂ ਇਹ ਸਭ ਕੁਝ ਉਠਦਾ ਹੈ ਪਰ ਕਦੇ ਵੀ ਕੋਈ ਖਾਸ ਰੌਸ਼ਨੀਆਂ, ਖਾਸ ਕਿਸਮ ਦੀ ਅਵਾਜ਼ ਨਹੀਂ ਤੇ ਨਾ ਹੀ ਕਿਸੇ ਖਾਸ ਕਿਸਮ ਦੀ ਬੇਹੋਸ਼ੀ ਵਾਲੀ ਸਮਾਧੀ ਹੋਈ ਹੈ। ਕੀ ਫੇਰ ਹੇਠਲੀਆਂ ਹਾਲਾਤਾਂ 'ਅਨਹਦ ਵਾਜੇ' ਜਾਂ 'ਵਾਜੇ ਅਨਹਦ ਤੂਰੇ' ਦਾ ਹੀ ਪ੍ਰਤੀਕ ਨਹੀਂ?

ਜਿਹੜੀ ਇਨ੍ਹਾਂ ਤੁਕਾਂ ਦੇ ਪੜ੍ਹਨ, ਗਾਣ, ਸੁਨਣ ਜਾਂ ਵਿਚਾਰਨ ਨਾਲ ਮੇਰੇ ਅੰਦਰ ਦਿਨ ਰਾਤ 24 ਘੰਟੇ ਦੀ

ਹਜ਼ੂਰੀ ਮਾਣਦਿਆਂ ਖੇੜਾ ਉਠਦਾ ਹੈ ਉਹ ਅਨਹਦ ਨਾਦ ਹੀ ਹੋਵੇਗਾ ਨਾ। ਇਹ ਅਨਹਦ ਨਾਦ ਨਿਕਲਦਾ ਹੀ ਇਨ੍ਹਾਂ ਤੁਕਾਂ ਵਿਚ ਛਿਪੇ ਗੁਰੂ ਦੇ ਪ੍ਰੇਮ, ਗੁਰੂ ਦੀ ਮਿਹਰ ਤੇ ਗੁਰੂ ਦੀ ਅਪਣੱਤ ਸੁਰਤ ਨਾਲ ਜੁੜਨ ਕਰਕੇ, ਮਤਲਬ ਸ਼ਬਦ ਸੁਰਤਿ ਦੇ ਮੇਲ ਕਰਕੇ। ਜਦ ਮੇਰਾ ਸਾਹਿਬ ਅਦ੍ਰਿਸ਼ਟ ਹੈ, ਮੇਰਾ ਗੁਰੂ (ਬਾਣੀ ਦਾ ਪ੍ਰੇਮ) ਅਦ੍ਰਿਸ਼ਟ ਹੈ ਤਾਂ ਕੀ ਜ਼ਰੂਰੀ ਹੈ ਕਿ ਮੇਰੀਆਂ ਇੰਦ੍ਰੀਆਂ ਨੂੰ ਇਸ ਨਾਦ ਜਾਂ ਰੌਸ਼ਨੀ ਦਾ ਪਤਾ ਲੱਗੇ। ਬਾਣੀ ਨੇ ਮੇਰੇ ਗੁਰੂ ਦੇ ਸ਼ਬਦ ਰਾਹੀਂ ਮੇਰੇ ਨਾਲ ਪਿਆਰ ਕੀਤਾ, ਮੇਰੀ ਸੁਰਤ ਨੇ ਉਹ ਪਿਆਰ ਇਸੇ ਤਰ੍ਹਾਂ ਮਾਣਿਆ ਜਿਸ ਤਰ੍ਹਾਂ ਗੁਰੂ ਅਰਜਨ ਦੇਵ ਹਰ ਵੇਲੇ ਹੇਠਲੇ ਵਾਕਾਂ ਵਿਚ ਕਹਿੰਦੇ ਹਨ:

*ਗੁਰ ਕਾ ਸਬਦੁ ਕਰਿ ਦੀਪਕੋ*
*ਇਹ ਸਤ ਕੀ ਸੇਜ ਬਿਛਾਇ ਰੀ॥* ਪੰਨਾ ੪੦੦

ਕੀ ਸਾਫ ਨਹੀਂ ਦਿਸਦਾ ਅੰਦਰਲੀਆਂ ਅੱਖਾਂ ਨਾਲ ਕਿ ਜੇ ਅਸੀਂ ਸੱਚੇ ਮਾਰਗ ਤੇ ਚੱਲਦਿਆਂ ਸੱਚ ਦੇ ਪ੍ਰਤੀਕ ਵਾਹਿਗੁਰੂ ਨੂੰ ਸੱਚ ਦੀ ਸੇਜ ਤੇ ਬੁਲਾਈਏ ਤੇ ਆਪਣੇ ਅੰਦਰ ਗੁਰੂ ਦੇ ਸ਼ਬਦ ਦਾ ਚਾਨਣਾ ਕਰ ਲਈਏ ਤਾਂ ਸ਼ਬਦ ਜਦ ਸੁਰਤਿ ਨਾਲ ਟਕਰਾਏਗਾ, ਹਮੇਸ਼ਾਂ ਅਨਹਦ ਨਾਦ ਚੱਲਦਾ ਰਹੇਗਾ? ਕਿਉਂਕਿ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਕਰਮ ਕਾਂਡਾਂ ਦਾ ਖਾਤਮਾ ਕਰ ਕੇ ਅੰਦਰਲੇ ਮੇਲ ਤੇ ਅੰਦਰਲੇ ਦਰਸ਼ਨਾਂ ਨੂੰ ਇਥੋਂ ਤਕ ਪ੍ਰਗਟ ਕੀਤਾ ਹੈ ਕਿ ਸਿੱਖ ਗੁਰੂ ਤੋਂ ਪਿਛੜ ਹੀ ਨਹੀਂ ਸਕਦਾ ਜੇ ਉਹ ਗੁਰੂ ਦੇ ਹੁਕਮਾਂ 'ਤੇ ਚੱਲ ਕੇ ਆਪਣੇ ਅੰਦਰ ਸ਼ਬਦ ਦੀ ਹਜ਼ੂਰੀ ਨੂੰ ਸੁਰਤਿ ਨਾਲ ਜੋੜੀ ਰੱਖੇ। ਇਸੇ ਲਈ ਤਾਂ ਗੁਰੂ ਸਾਹਿਬ ਹੋਰ ਤਰੀਕੇ ਨਾਲ ਦਸਦੇ ਹਨ।

*ਠਾਕੁਰ ਗਾਈਐ ਆਤਮ ਰੰਗਿ ....*
*ਆਤਮ ਜਿਣੈ ਸਗਲ ਵਸਿ*
*ਤਾ ਕੈ ਜਾ ਕੇ ਸਤਿਗੁਰੁ ਪੂਰਾ॥* ਪੰਨਾ ੬੭੯

ਇਹ ਠੀਕ ਹੈ ਕਿ ਸਾਡੇ ਰਾਗੀ ਜਥੇ, ਸਾਡੇ ਕਲਾਕਾਰ, ਪ੍ਰਚਾਰਕ (ਕੁਝ ਉਂਗਲਾਂ 'ਤੇ ਗਿਣੇ ਜਾਣ ਵਾਲੇ ਮਹਾਨ ਲੋਕਾਂ ਨੂੰ ਛੱਡ ਕੇ) ਸਭ ਪੈਸੇ ਦੇ ਚੱਕਰ ਵਿਚ ਪੈ ਗਏ ਹਨ। ਕਈ ਵਾਰ ਤਾਂ ਇੰਜ ਲਗਦਾ ਹੈ ਕਿ ਜਿਵੇਂ ਹਰਿਮੰਦਰ ਸਾਹਿਬ ਤੋਂ ਅੰਮ੍ਰਿਤ ਵੇਲੇ ਕੀਰਤਨ ਸੁਣਦਿਆਂ ਵੀ ਸੀ ਆਰ ਜਾਂ ਸੀਡੀ ਦੇਖ ਰਹੇ ਹਾਂ। ਵਾਰ ਵਾਰ ਉਹੀ ਸ਼ਬਦ ਤੇ ਉਹੀ ਪ੍ਰਭਾਵ ਕਦੀ ਤਾਂ ਇੰਜ ਲਗਦਾ ਹੈ ਕਿ ਜਿਵੇਂ ਸਾਹਿਬ ਕਹਿੰਦੇ ਹਨ

*ਠਾਕੁਰ ਗਾਈਐ ਆਤਮ ਰੰਗਿ*

ਉਨ੍ਹਾਂ ਸੁਣਿਆ ਹੀ ਨਾ ਹੋਵੇ ਭਾਵੇਂ ਇਹੋ ਤੁਕ ਗਾ ਰਹੇ ਹੋਵਣ ਕਿਉਂਕਿ ਉਨ੍ਹਾਂ ਦੇ ਚੇਹਰੇ ਦੇ ਪ੍ਰਭਾਵ ਇਹ ਨਹੀਂ ਦਸਦੇ। ਪਰ ਜੇ ਕੋਈ ਆਤਮਾ ਦੇ ਰੰਗ ਵਿਚ ਗਾਉਂਦਾ ਹੈ ਤੇ ਆਪਣਾ ਮਨ ਜਿਤ ਕੇ ਜੱਗ ਨੂੰ ਜਿੱਤ ਲਏ ਤਾਂ ਉਸ ਦਾ ਅੰਦਰਲਾ ਸ਼ਬਦ ਸੁਰਤਿ ਦੇ ਮੇਲ ਦਾ ਪ੍ਰਤੀਕ ਹੋ ਜਾਏਗਾ। ਕੀ ਫਿਰ ਜੇ ਉਹ ਪੂਰੇ ਅਨੰਦ ਵਿਚ ਜੀਵਨ ਜੀਂਦਾ ਹੈ ਤਾਂ ਕਹਿ ਨਹੀਂ ਸਕਦੇ ਉਸ ਦੇ ਅੰਦਰ ਅਨਹਦ ਵਾਜੇ ਵਜ ਰਹੇ ਹਨ, ਸ਼ਬਦ ਦੇ ਸੁਰਤਿ ਨਾਲ ਵੱਜਣ ਕਰਕੇ।

*ਆਦਿ ਜੁਗਾਦਿ ਭਗਤਨ ਕਾ ਰਾਖਾ*
*ਉਸਤਤਿ ਕਰਿ ਕਰਿ ਜੀਵਾ॥*
*ਨਾਨਕ ਨਾਮੁ ਮਹਾ ਰਸ ਮੀਠਾ*

*ਪੱਤ੍ਰਿਕਾ 'ਸਾਡਾ ਵਿਰਸਾ ਸਾਡਾ ਗੌਰਵ' 'ਚੋਂ ਧੰਨਵਾਦ ਸਹਿਤ*

# ਗੁਰਮਤਿ ਸੰਗੀਤ ਦੀ ਅੰਮ੍ਰਿਤ ਧਾਰਾ-ਅਦੁੱਤੀ ਗੁਰਮਤਿ ਸੰਗੀਤ ਸੰਮੇਲਨ

## ਪਰਮਜੀਤ ਸਿੰਘ 'ਪੰਮੀ'

ਸੰਗੀਤ ਇਕ ਅਜਿਹੀ ਕਲਾ ਹੈ ਜਿਸ ਨਾਲ ਕੁਦਰਤ ਦੀ ਦਿਲ ਥਾਪ ਚਲ ਰਹੀ ਹੈ, ਕਵੀ ਕਾਰਲਾਇਲ ਇਸ ਬਾਰੇ ਆਖਦਾ ਹੈ, 'ਆਪਣੇ ਦਿਲ ਵਿਚ ਡੂੰਘੀ ਝਾਤ ਮਾਰੋ, ਤੁਸੀਂ ਵੇਖੋਗੇ ਕਿ ਤੁਹਾਡੀ ਤੱਕਣੀ ਹੀ ਸੰਗੀਤਕ ਹੋ ਗਈ ਹੈ। ਤੁਸੀਂ ਇਹ ਜਾਣ ਜਾਉਗੇ ਕਿ ਕੁਦਰਤ ਦਾ ਦਿਲ ਹਰ ਥਾਂ ਇਕ ਨਾਦ ਦੇ ਰੂਪ ਵਿਚ ਵੱਜ ਰਿਹਾ ਹੈ। ਪਲੈਟੋ ਆਖਦਾ ਹੈ ਕਿ ਰੂਹ ਦੇ ਭੇਦ ਭਰੇ ਅਸਥਾਨਾਂ ਅੰਦਰ ਜੇ ਕੋਈ ਚੀਜ਼ ਪਹੁੰਚ ਸਕਦੀ ਹੈ ਤਾਂ ਉਹ ਸੰਗੀਤਕ ਸੁਰ ਅਤੇ ਲੈਅ ਹੀ ਹੋ ਸਕਦੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਅਨਹਦ ਨਾਦ ਹੈ, ਅੰਤਰ ਆਤਮੇ ਜੋਤਿ ਨਾਲ ਮਿਲੀ ਜੋਤ ਦਾ ਸੁਰ ਸੰਗਮ ਅੰਤਰ ਆਤਮੇ ਜੋਤਿ ਵਿਚ ਜੋਤਿ ਧਰ ਕੇ ਉਸ ਜੋਤਿ ਸਰੂਪੀ ਅਨਹਦ ਰੌਸ਼ਨੀ ਨੂੰ ਸ਼ਬਦ ਦਾ ਪ੍ਰਗਟ ਪ੍ਰਭਾਵ ਦੇਣਾ ਅੰਦਰਲੇ ਸਾਜ਼ ਨੂੰ ਸੁਰ ਕਰਨ ਦਾ ਸਾਧਨ ਹੈ। ਜਿਸ ਨੂੰ ਸੁਣਨ ਨਾਲ ਮਨ ਚਿੱਤ ਵਿਚ ਪ੍ਰਸੰਨਤਾ ਅਤੇ ਪ੍ਰੀਤ ਜਾਗ ਪਵੇ ਉਸਨੂੰ ਰਾਗ ਕਿਹਾ ਜਾਂਦਾ ਹੈ। ਰਾਗ ਦਾ ਦੂਸਰਾ ਅਰਥ ਪਿਆਰ ਹੈ। ਰਾਗ ਇਕ ਅਜਿਹਾ ਮਾਧਿਅਮ ਹੈ ਜਿਸ ਰਾਹੀਂ ਮਨੁੱਖ ਆਪਣੀ ਸੂਰਤ ਨੂੰ ਸੰਸਾਰਕ ਪਸਾਰੇ ਤੋਂ ਸੰਕੋਚ ਕੇ ਨਿਰਗੁਣ ਸਰੂਪ ਪਰਮੇਸ਼ਵਰ ਵਿਚ ਵਿਲੀਨ ਕਰ ਸਕਦਾ ਹੈ। ਇਹ ਮਨੁੱਖੀ ਮਨ ਦੀਆਂ ਹਨੇਰੀਆਂ ਕੁੰਦਰਾਂ ਨੂੰ ਰੁਸ਼ਨਾ ਕੇ ਮਨ ਵਿਚ ਪ੍ਰਕਾਸ਼ ਦਾ ਉਦੈ ਕਰਦਾ ਹੈ, ਇਹ ਪ੍ਰਭੂ ਮਿਲਾਪ ਲਈ ਸੁਰਤ ਜੋੜਨ ਦਾ ਇਲਾਹੀ ਮਾਧਿਅਮ ਵੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਬਾਣੀ ਰਾਗਾਂ ਵਿਚ ਰਚੀ ਗਈ ਹੈ, ਜਿਸ ਰਾਗ ਵਿਚ ਗੁਰਬਾਣੀ ਦੇ ਸ਼ਬਦਾਂ ਦੀ ਰਚਨਾ ਕੀਤੀ ਗਈ, ਉਹਨਾਂ ਨੂੰ ਸਬੰਧਤ ਰਾਗਾਂ ਵਿਚ ਗਾਉਣ ਦਾ ਆਦੇਸ਼ ਕੀਤਾ ਗਿਆ ਹੈ, ਕਿਉਂਕਿ ਰਾਗ ਵਿਚ ਗਾਈ ਗਈ ਬਾਣੀ ਸਰੋਤੇ ਦੇ ਚਿੱਤ ਉੱਤੇ ਭਰਵਾਂ ਅਸਰ ਕਰਦੀ ਹੈ ਅਤੇ ਸਰੋਤਿਆਂ ਦੀਆਂ ਬਿਰਤੀਆਂ ਨੂੰ ਆਪਣੇ ਵੱਲ ਖਿੱਚ ਲੈਂਦੀ ਹੈ। ਇਸੇ ਕਾਰਨ ਗੁਰੂ ਸਾਹਿਬਾਨ ਨੇ ਰੱਬੀ ਪ੍ਰੇਰਣਾ ਦੇਣ ਲਈ 'ਸੱਚ ਨੂੰ ਉਪਦੇਸ਼ਨ ਲਈ ਗੁਰਬਾਣੀ ਨੂੰ ਰਾਗਾਂ ਵਿਚ ਅਲਾਪਣ ਅਥਵਾ ਗਾਇਨ ਕਰਨ ਦੀ ਆਗਿਆ ਕੀਤੀ ਹੈ। ਗੁਰਬਾਣੀ ਦੇ ਰਾਗਾਂ ਵਿਚ ਗਾਇਨ ਨੂੰ ਕੀਰਤਨ ਦਾ ਨਾਮ ਦਿੱਤਾ ਗਿਆ ਹੈ, ਤੇ ਇਸ ਨੂੰ 'ਸਿਰਿ ਕਰਮਨ ਕੈ ਕਰਮਾ' ਕਿਹਾ ਗਿਆ ਹੈ।

ਅਜੋਕੇ ਯੁੱਗ ਵਿਚ ਇਕ ਸਮਾਂ ਅਜਿਹਾ ਵੀ ਆਇਆ ਕਿ ਗੁਰੂ ਘਰ ਦੇ ਕੀਰਤਨੀਏ ਗੁਰੂ ਸਾਹਿਬਾਨ ਦਾ ਆਦੇਸ਼ ਭੁੱਲ ਕੇ ਨਵੀਨਤਾ ਦੀ ਖੁਮਾਰੀ 'ਚ ਲੀਨ ਹੋ ਕੇ ਨਵੀਨ ਸਾਜ਼ਾਂ ਤੇ ਪੱਛਮੀ ਸੰਗੀਤ ਦੇ ਪ੍ਰਭਾਵ ਹੇਠਾਂ ਗੁਰਬਾਣੀ ਦਾ ਗਾਇਨ ਚਲੰਤ ਤਰਜ਼ਾਂ ਵਿਚ ਕਰਨ ਲੱਗੇ ਹਨ। ਗੁਰੂ ਸਾਹਿਬਾਨ ਦੇ ਆਦੇਸ਼ ਤੋਂ ਆਵੇਸਲੇ ਹੋ ਰਹੇ ਕੀਰਤਨੀਏ ਸਿੰਘਾਂ ਨੂੰ ਗੁਰਮਤਿ ਸੰਗੀਤ ਦੀ ਵੱਡਮੁੱਲੀ ਪ੍ਰੰਪਰਾ ਨਾਲ ਜੋੜਨ ਲਈ ਗੁਰਮਤਿ ਸੰਗੀਤ ਦੇ ਅਮੀਰ ਵਿਰਸੇ ਨੂੰ ਸੰਭਾਲਣ ਲਈ, ਅਤੇ ਤੰਤੀ ਸਾਜ਼ਾਂ ਦੀ ਅਲੋਪ ਰਹੀ ਪ੍ਰੰਪਰਾ ਨੂੰ ਮੁੜ ਉਜਾਗਰ ਕਰਨ ਲਈ ਅਕਾਲ ਪੁਰਖ ਦੇ ਰੰਗ ਵਿਚ ਰੱਤੜੇ ਮਹਾਂਪੁਰਸ਼ ਸੰਤ ਬਾਬਾ ਸੁੱਚਾ ਸਿੰਘ ਨੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨਾਂ ਦੀ ਲੜੀ ਨੂੰ ਅਰੰਭਿਆ।

ਇਸ ਲੜੀ ਦੇ ਅੰਤਰਗਤ ਸੰਤ ਬਾਬਾ ਸੁੱਚਾ ਸਿੰਘ ਜੀ ਦੀ ਦੇਖ ਰੇਖ ਹੇਠ ਸੰਨ 1991 ਨੂੰ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼, ਜਵੱਦੀ ਕਲਾਂ ਵਿਚ ਆਯੋਜਤ ਕੀਤੇ ਗਏ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 31 ਮੁਖ ਰਾਗਾਂ ਦਾ ਗਾਇਨ ਕਰਵਾਇਆ ਗਿਆ, ਇਸ ਸਮਾਗਮ ਦਾ ਜਲੌਅ ਗੁਰਬਾਣੀ ਦੇ ਮਹਾਂਵਾਕ ***ਕਹਬੇ ਕੋ ਸ਼ੋਭਾ ਨਹੀਂ ਦੇਖਾ ਹੀ ਪਰਵਾਨੁ*** ਦੀ ਤਰਜਮਾਨੀ ਕਰਦਾ ਸੀ।

1992 ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ 31 ਮਿਸ਼ਰਤ ਰਾਗਾਂ ਦੇ ਨਾਲ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਲੋਕ ਧੁਨਾਂ ਦਾ ਗਾਇਨ ਵੀ ਕਰਵਾਇਆ ਗਿਆ। ਸੰਨ 1993 ਨਵੰਬਰ ਵਿਚ ਆਯੋਜਿਤ ਕੀਤੇ ਗਏ 'ਗੁਰਮਤਿ ਸੰਗੀਤ ਦੇ ਮਹਾਂਕੁੰਭ' ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ, ਜਿਨ੍ਹਾਂ ਵਿਚ 6 ਗੁਰੂ ਸਾਹਿਬਾਨ, 15 ਭਗਤ, 11 ਭੱਟ ਅਤੇ 4 ਸਿੱਖ ਬਾਣੀਕਾਰਾਂ ਦੀ ਬਾਣੀ ਦਾ ਨਿਰਧਾਰਤ ਰਾਗਾਂ ਵਿਚ ਗਾਇਨ ਕਰਵਾਇਆ ਗਿਆ। ਗੁਰਮਤਿ ਸੰਗੀਤ ਪ੍ਰਤੀ ਸੰਗਤਾਂ ਦੇ ਉਤਸ਼ਾਹ ਨੂੰ

ਵੇਖਦਿਆਂ 1994 ਅਤੇ 1995 ਵਿਚ ਗੁਰਦੁਆਰਾ ਬੰਗਲਾ ਸਾਹਿਬ, ਦਿੱਲੀ ਅਤੇ ਸ੍ਰੀ ਹਰਿਮੰਦਰ ਸਾਹਿਬ, ਅੰਮ੍ਰਿਤਸਰ ਵਿਖੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦਾ ਆਯੋਜਿਤ ਕੀਤਾ ਗਿਆ। ਇਸੇ ਤਰ੍ਹਾਂ 1996 ਵਿਚ ਦੱਖਣ ਦੀਆਂ ਸੰਗਤਾਂ ਨੂੰ ਗੁਰਮਤਿ ਸੰਗੀਤ ਨਾਲ ਸਾਂਝੇ ਪਾਉਣ ਲਈ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਚਿਤ 'ਸ੍ਰੀ ਦਸਮ ਗ੍ਰੰਥ' ਦੀ ਬਾਣੀ ਦਾ ਗਾਇਨ ਪੰਥ ਪ੍ਰਸਿੱਧ ਕੀਰਤਨੀਏ ਸਿੰਘਾਂ ਤੋਂ ਨਿਰਧਾਰਤ ਰਾਗਾਂ ਵਿਚ ਕਰਵਾਇਆ ਗਿਆ।

1992 ਵਿਚ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਸਿੱਖ ਸੰਗਤਾਂ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਸ਼ਬਦ ਚੌਕੀ ਪ੍ਰੰਪਰਾ ਨਾਲ ਜੋੜਨ ਲਈ ਸ੍ਰੀ ਹਰਿਮੰਦਰ ਸਾਹਿਬ ਦੀਆਂ ਸ਼ਬਦ ਚੌਕੀਆਂ ਦਾ ਗਾਇਨ ਕਰਵਾਇਆ, ਜੋ ਗੁਰਮਤਿ ਸੰਗੀਤ ਦੇ ਰਸੀਆਂ ਲਈ ਵਿਸ਼ੇਸ਼ ਆਕਰਸ਼ਨ ਦਾ ਕੇਂਦਰ ਰਿਹਾ। 1999 ਵਿਚ ਖਾਲਸੇ ਦੇ 300 ਸਾਲਾ ਸਾਜਨਾਂ ਦਿਵਸ ਨੂੰ ਸਮਰਪਿਤ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿਚ ਦਸਮ ਪਾਤਸ਼ਾਹ ਜੀ ਦੀ ਬਾਣੀ ਦਾ ਗਾਇਨ ਨਿਰਧਾਰਤ ਰਾਗਾਂ ਵਿਚ ਕਰਵਾਇਆ ਗਿਆ। ਇਸ ਲੜੀ ਨੂੰ ਨਿਰੰਤਰ ਜਾਰੀ ਰਖਦਿਆਂ ਸੰਨ 2001 ਵਿਚ ਸੰਤ ਬਾਬਾ ਸੁੱਚਾ ਸਿੰਘ ਜੀ ਨੇ ਨਵਤਨ ਰਾਗੀ ਸਿੰਘਾਂ ਦੀ ਪੀੜੀ ਨੂੰ ਗੁਰਮਤਿ ਸੰਗੀਤ ਨਾਲ ਜੋੜਨ ਲਈ ਨੌਜਵਾਨ ਰਾਗੀ ਸਿੰਘਾਂ ਪਾਸੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 31 ਰਾਗਾਂ ਵਿਚ ਕੀਰਤਨ ਕਰਵਾਇਆ। ਜੋ ਗੁਰਮਤਿ ਸੰਗੀਤ ਦੇ ਉਜਲੇ ਭਵਿੱਖ ਦੀ ਲਖਾਇਕ ਸੀ।

ਸੰਤ ਬਾਬਾ ਸੁੱਚਾ ਸਿੰਘ ਜੀ ਦੇ ਪੰਜ ਭੂਤਕ ਸਰੀਰ ਤਿਆਗਣ ਉਪਰੰਤ ਸੰਨ 2002 ਵਿਚ ਜਵੱਦੀ ਟਕਸਾਲ ਵਲੋਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਦੀ ਲੜੀ ਨੂੰ ਜਾਰੀ ਰਖਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਤੋਂ ਇਲਾਵਾ 31 ਮਿਸ਼ਰਤ ਰਾਗਾਂ ਦਾ ਗਾਇਨ ਕਰਵਾਇਆ ਗਿਆ। ਬਾਬਾ ਜੀ ਦੀ ਪਹਿਲੀ ਬਰਸੀ ਮੌਕੇ ਸਲੋਕ ਮਹਲਾ ਨੌਵਾਂ ਦਾ ਗਾਇਨ ਕਰਵਾਇਆ ਗਿਆ। 2003 ਵਿਚ ਸੰਤ ਬਾਬਾ ਸੁੱਚਾ ਸਿੰਘ ਜੀ ਦੀ ਦੂਜੀ ਬਰਸੀ ਮੌਕੇ ਬਾਣੀ 'ਵਾਰਾਂ ਤੇ ਵਧੀਕ' ਦਾ ਕੀਰਤਨ ਕਰਵਾਇਆ ਗਿਆ। ਸੰਨ 2004 ਵਿਚ ਜਵੱਦੀ ਟਕਸਾਲ ਦੇ ਵਰਤਮਾਨ ਮੁਖੀ ਸੰਤ ਗਿਆਨੀ ਅਮੀਰ ਸਿੰਘ ਜੀ ਦੀ ਦੇਖ ਰੇਖ ਹੇਠ ਸਿੱਖ ਇਤਿਹਾਸ ਵਿਚ ਪਹਿਲੀ ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 55 ਪੜਤਾਲਾਂ ਦਾ ਗਾਇਨ ਨਿਰਧਾਰਤ ਰਾਗਾਂ ਵਿਚ ਕਰਵਾਇਆ ਗਿਆ।

ਸਾਲ 2005 ਦੇ 2,3 ਅਤੇ 4 ਦਸੰਬਰ ਨੂੰ ਜਵੱਦੀ ਟਕਸਾਲ ਵਿਖੇ ਸੰਤ ਗਿਆਨੀ ਅਮੀਰ ਸਿੰਘ ਜੀ ਦੀ ਦੇਖ ਰੇਖ ਹੇਠ ਆਯੋਜਿਤ ਕੀਤੇ ਗਏ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭੱਟਾਂ ਦੀ ਸਵੈਯੈ ਬਾਣੀ ਦਾ ਗਾਇਨ ਰਾਗ ਮਾਲਾ ਦੇ ਰਾਗਾਂ ਵਿਚ ਕਰਵਾਇਆ ਗਿਆ। ਇਉਂ ਸੰਤ ਬਾਬਾ ਸੁੱਚਾ ਸਿੰਘ ਜੀ ਵਲੋਂ ਗੁਰਮਤਿ ਸੰਗੀਤ ਦੀ ਅੰਮ੍ਰਿਤ ਧਾਰਾ ਦਾ ਪ੍ਰਵਾਹ ਨਿਰੰਤਰ ਵਹਿ ਰਿਹਾ ਹੈ।

**ਪ੍ਰਦਾਨ ਕੀਤੇ ਗਏ ਗੁਰਮਤਿ ਸੰਗੀਤ ਅਵਾਰਡ**

1. ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ ਜੀ, ਅੰਮ੍ਰਿਤਸਰ।
2. ਭਾਈ ਅਵਤਾਰ ਸਿੰਘ ਜੀ ਗੁਰਚਰਨ ਸਿੰਘ ਜੀ, ਦਿੱਲੀ।
3. ਭਾਈ ਹਰੀ ਸਿੰਘ ਜੀ, ਅੰਮ੍ਰਿਤਸਰ।
4. ਭਾਈ ਅਮਰੀਕ ਸਿੰਘ ਜੀ ਜ਼ਖ਼ਮੀ।
5. ਡਾ. ਗੁਰਨਾਮ ਸਿੰਘ ਜੀ, ਪਟਿਆਲਾ।
6. ਭਾਈ ਬਲਜੀਤ ਸਿੰਘ ਜੀ, ਦਿੱਲੀ।
7. ਭਾਈ ਗੁਰਮੀਤ ਸਿੰਘ ਸ਼ਾਂਤ, ਜਲੰਧਰ।
8. ਡਾ. ਜਸਬੀਰ ਕੌਰ ਜੀ
9. ਪ੍ਰੋ: ਕਰਤਾਰ ਸਿੰਘ ਜੀ, ਦਿੱਲੀ
10. ਬੀਬੀ ਜਸਵੰਤ ਕੌਰ ਜੀ, ਦਿੱਲੀ
11. ਭਾਈ ਹਰਜਿੰਦਰ ਸਿੰਘ ਜੀ, ਸ੍ਰੀਨਗਰ
12. ਪ੍ਰੋ: ਪਰਮਜੋਤ ਸਿੰਘ ਜੀ
13. ਪ੍ਰਿੰ: ਬਲਦੇਵ ਸਿੰਘ ਜੀ
14. ਡਾ. ਜਾਗੀਰ ਸਿੰਘ ਜੀ
15. ਪ੍ਰਿੰ: ਚੰਨਣ ਸਿੰਘ ਮਜ਼ਬੂਰ
16. ਪ੍ਰੋ: ਅਵਤਾਰ ਸਿੰਘ ਨਾਜ਼
17. ਪ੍ਰੋ: ਕੁਲਵਿੰਦਰ ਸਿੰਘ ਜੀ
18. ਢਾਡੀ ਸੋਹਣ ਸਿੰਘ ਜੀ ਸੀਤਲ
19. ਢਾਡੀ ਦਇਆ ਸਿੰਘ ਜੀ ਦਿਲਬਰ

**ਗੁਰਮਤਿ ਸੰਗੀਤ ਦੀਆਂ ਪ੍ਰਕਾਸ਼ਨਾਵਾਂ**

1. ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ (ਸੰਪ: ਪ੍ਰਿੰਸੀਪਲ ਸੁਖਵੰਤ ਸਿੰਘ)
2. ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ -ਭਾਗ ਦੂਜਾ (ਸੰਪ: ਪ੍ਰਿੰਸੀਪਲ ਸੁਖਵੰਤ ਸਿੰਘ)
3. ਗੁਰਮਤਿ ਸੰਗੀਤ ਵਿਸ਼ੇਸ਼ ਅੰਕ (ਵਿਸਮਾਦ ਨਾਦ)
4. ਰਾਗ ਨਾਦ ਸ਼ਬਦ ਸੁਹਣੇ

5. ਰਾਗ ਸਰੂਪ ਨਿਰਣੇ : ਸ੍ਰੀ ਗੁਰੂ ਗ੍ਰੰਥ ਸਾਹਿਬ

6. ਗਉੜੀ ਰਾਗੁ ਸੁਲਖਣੀ

**ਵਿਸਮਾਦੁ ਨਾਦ ਦੀਆਂ ਗੁਰਮਤਿ ਸੰਗੀਤ ਆਡੀਓ, ਵੀਡੀਓ ਤੇ ਸੀਡੀ ਕੈਸਟਾਂ**

1. ਅਦੁੱਤੀ ਗੁਰਮਤਿ ਸੰਗੀਤ ਸੰਮੇਲਨ 1991 ਦੌਰਾਨ ਮਾਰੇ ਗਏ 31 ਸ਼ੁੱਧ ਰਾਗਾਂ ਦੀ 16 ਕੈਸਟਾਂ ਦਾ ਸੈਟ।

2. ਗਉੜੀ ਰਾਗੁ ਸੁਲਖਣੀ- 3 ਕੈਸਟਾਂ ਦਾ ਸੈਟ

3. ਸ਼ਬਦ ਹਜ਼ਾਰੇ ਪਾਤਸ਼ਾਹੀ ਦਸਵੀਂ - 2 ਕੈਸਟਾਂ ਦਾ ਸੈਟ

4. ਨਾਦ-ਤਬਲਾ ਸੋਲੋ-ਭਾਈ ਅਵਤਾਰ ਸਿੰਘ, ਭਾਈ ਚਰਨਜੀਤ ਸਿੰਘ ਜੀ

5. ਸਲੋਕ ਮਹਲਾ ਨੌਵਾਂ (ਗਾਇਨ ਅਤੇ ਵਿਚਾਰ) - ਭਾਈ ਮਨਜੀਤ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ, ਅੰਮ੍ਰਿਤਸਰ, ਕਥਾ ਗਿਆਨੀ ਅਮੀਰ ਸਿੰਘ, ਮੁਖੀ ਜਵੱਦੀ ਟਕਸਾਲ, ਲੁਧਿਆਣਾ।

6. ਸਲੋਕ ਵਾਰਾਂ ਤੇ ਵਧੀਕ (ਭਾਈ ਬਲਬੀਰ ਸਿੰਘ, ਭਾਈ ਮਨਜੀਤ ਸਿੰਘ, ਹਜ਼ੂਰੀ ਰਾਗੀ ਦਰਬਾਰ ਸਾਹਿਬ, ਅੰਮ੍ਰਿਤਸਰ) ਕਥਾ - ਗਿਆਨੀ ਸਾਹਿਬ ਸਿੰਘ ਜੀ ਮਾਰਕੰਡਾ।

7. ਆਸਾ ਦੀ ਵਾਰ- ਭਾਈ ਬਲਬੀਰ ਸਿੰਘ, ਹਜ਼ੂਰੀ ਰਾਗੀ ਦਰਬਾਰ ਸਾਹਿਬ, ਅੰਮ੍ਰਿਤਸਰ)

8. ਆਸਾ ਦੀ ਵਾਰ - ਭਾਈ ਦਿਲਬਾਗ ਸਿੰਘ, ਭਾਈ ਗੁਲਬਾਗ ਸਿੰਘ ਜੀ, ਬੋਦਲ

9. ਪੜਤਾਲਾਂ (ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ)

ਗੁਰਦੁਆਰਾ ਗੁਰ ਗਿਆਨ ਪ੍ਰਕਾਸ਼
ਜਵੱਦੀ ਟਕਸਾਲ, ਲੁਧਿਆਣਾ 141013
ਫੋਨ: 0161-2562596,5108696, 9872120274
Email: jawaddi.taksal@gmail.com
Website: www.jawadditaksal.org

# ਸਿੱਖ ਸਰੂਪ

## ਤਿਰਲੋਕ ਸਿੰਘ ਸੂਰੀ

ਹਿੰਦੁਸਤਾਨ ਦੀ ਧਰਤੀ ਤੇ ਵੱਖ ਵੱਖ ਸਮਿਆਂ ਵਿਚ ਪੀਰ, ਪੈਗੰਬਰ ਔਲੀਏ, ਅਵਤਾਰ ਆਏ ਅਤੇ ਬੜਾ ਗਿਆਨ ਦਿੱਤਾ ਜਿਨ੍ਹਾਂ ਵੱਡੇ ਵੱਡੇ ਗ੍ਰੰਥ ਰਚੇ, ਜਿਵੇਂ ਕਿ ਵੇਦ ਪੁਰਾਣ, ਉਪਨਿਸ਼ਦ ਆਦਿ। ਬਾਵਜੂਦ ਇਨ੍ਹਾਂ ਧਰਮੀ ਕਾਜਾਂ ਦੇ ਇਕ ਦੁਖਾਂਤ ਵੀ ਵਾਪਰਦਾ ਰਿਹਾ। ਕਰੀਬਨ 1000 ਸਾਲਾਂ ਦੀ ਗੁਲਾਮੀ ਦੀਆਂ ਜੰਜੀਰਾਂ ਵਿਚ ਜਕੜੇ ਹੋਏ ਮਨੁੱਖ, ਜ਼ਾਲਮ ਜਰਵਾਣਿਆਂ ਤੇ ਜ਼ੁਲਮਾਂ ਤੇ ਜ਼ਬਰ ਨੂੰ ਸਹਾਰਦੇ ਹੋਏ, ਬਲਹੀਣ ਹੋ ਕੇ ਜਿਲਤ ਦੀ ਜ਼ਿੰਦਗੀ ਜੀਂਦੇ ਰਹੇ, ਕਦੋਂ ਤੇ ਕਿਵੇਂ ਮੁਕਾਬਲਾ ਕਰ ਸਕਦੇ ਸਨ। ਜਦੋਂ ਕਿ ਸਿਰਫ਼ ਕੁਝ ਸੈਂਕੜੇ ਧਾੜਵੀ Raiders ਜਿਵੇਂ ਮੁਗਲ, ਪਠਾਣ, ਲੋਧੀ, ਮੰਗੋਲ ਆਦਿ ਕਾਬਲ, ਕੰਧਾਰ, ਦੱਰਾ ਖੈਬਰ ਤੋਂ ਦਾਖਲ ਹੋ ਕੇ ਹਿੰਦੂਸਤਾਨ ਦੀ ਜਨਤਾ ਦੀ ਲੁੱਟ ਖਸੁੱਟ, ਤੀਵੀਆਂ ਦੀ ਬੇਪਤੀ ਕਰ ਇੱਜ਼ਤ ਨੂੰ ਲੁੱਟ ਕੇ, ਭੇਡਾਂ, ਬਕਰੀਆਂ ਵਾਂਗ ਆਪਣੇ ਆਪਣੇ ਇਲਾਕਿਆਂ ਵਿਚ ਲੈ ਜਾ ਕੇ ਨਿਲਾਮ ਕਰਦੇ ਸਨ। ਇਹੋ ਜਿਹੇ ਘਿਨਾਉਣੇ ਹਾਲਤ ਸਨ 1469 ਈ. ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਣ ਹੋਇਆ।

ਇਥੋਂ ਦੀ ਵਸਨੀਕਾਂ ਨੂੰ ਹਜ਼ਾਰਾਂ ਸਾਲ ਦੀ ਗੁਲਾਮੀ ਦੀ ਆਦਤ ਪੈ ਗਈ ਚੁੱਕੀ ਸੀ। ਬਲਕੇ ਇਹ ਕਹਿਣਾ ਕੋਈ ਅੱਤ ਕਥਨੀ ਨਹੀਂ ਕਿ ਗੁਲਾਮੀ ਦਾ ਖ਼ੂਨ ਹੁਣ ਇਨ੍ਹਾਂ ਦੀਆਂ ਰਗਾਂ ਵਿਚ ਦੌੜਦਾ ਸੀ। ਇਥੋਂ ਦੇ ਵਸਨੀਕਾਂ ਦੀ ਹਜ਼ਾਰ ਸਾਲ ਦੀ ਗੁਲਾਮੀ ਨੂੰ ਮਿਟਾ ਕੇ ਇਕ ਆਤਮ ਸਨਮਾਨ ਵਾਲੀ ਵਿਵਸਥਾ ਤੱਕ ਆਮ ਲੁਕਾਈ ਨੂੰ ਲੈ ਜਾਣਾ ਕੋਈ ਅਸਾਨ ਕੰਮ ਨਹੀਂ ਸੀ। ਇਸ ਸਮੇਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਇਕ ਇਹੋ ਜਿਹਾ ਹਲੂਣਾ ਦਿੱਤਾ ਕਿ ਲੋਕਾਂ ਦੀ ਗੈਰਤ ਜਾਗੇ। ਮਹਾਰਾਜ ਨੇ ਫੁਰਮਾਇਆ:

ਜੇ ਜੀਵੈ ਪਤਿ ਲਥੀ ਜਾਇ॥
ਸਭ ਹਰਾਮ ਜੇਤਾ ਕਿਛ ਖਾਇ॥

ਜਦੋਂ ਤਕ ਆਦਮੀ ਕੋਲ ਆਤਮ ਸਨਮਾਨ ਨਹੀਂ ਉਹ ਜ਼ੁਲਮ ਦੇ ਖਿਲਾਫ ਖੜਾ ਨਹੀਂ ਹੋ ਸਕਦਾ। ਇਸ ਵੱਡੇ ਕਾਰਜ ਲਈ ਗੁਰੂ ਨਾਨਕ ਸਾਹਿਬ ਨੂੰ ਦਸ ਜਾਮੇ ਧਾਰਨ ਕਰਨੇ ਪਏ। 1469 ਈ: ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਤੋਂ ਲੈ ਕੇ 1699 ਈ: ਤੱਕ ਜਦੋਂ ਬਾਦਸ਼ਾਹ ਦਰਵੇਸ਼ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਸਾਹਿਬ ਦੀ ਧਰਤੀ ਤੇ ਇਕ ਬਚਿੱਤਰ ਨਾਟਕ ਰਚ ਕੇ ਖਾਲਸੇ ਦੀ ਸਿਰਜਨਾ ਕੀਤੀ ਇਸ ਨੂੰ 230 ਸਾਲ ਲੱਗੇ। ਦਸਵੇਂ ਨਾਨਕ ਸਾਹਿਬ ਦਾ ਸਿਰ ਦੀ ਮੰਗ ਕਰ ਲੈਣਾ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਤੋਂ ਰੱਤਾ ਜਿਹਾ ਵੀ ਫਰਕ ਜਾਂ ਲਾਂਭੇ ਜਾਣ ਵਾਲਾ ਕਾਰਜ ਨਹੀਂ ਸੀ ਬਲਕਿ ਇਹ ਤਾਂ ਗੁਰੂ ਨਾਨਕ ਸਾਹਿਬ ਜੀ ਦੀ ਰਚੀ ਹੋਈ ਬਾਣੀ ਨੂੰ ਅਮਲੀ ਜਾਮਾ ਹੀ ਪਹਿਨਾਣ ਵਾਲੀ ਖੇਡ ਸੀ। ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਬਾਣੀ ਵਿਚ ਇਉਂ ਫਰਮਾਇਆ ਹੈ:

ਜਉ ਤਉ ਪ੍ਰੇਮ ਖੇਲਣ ਦਾ ਚਾਉ।
ਸਿਰੁ ਧਰਿ ਤਲੀ ਗਲੀ ਮੇਰੀ ਆਉ।
ਇਤੁ ਮਾਰਗਿ ਪੈਰੁ ਧਰੀਜੈ।
ਸਿਰੁ ਦੀਜੈ ਕਾਣਿ ਨ ਕੀਜੈ॥

ਇਨਸਾਨ ਬਣਾਉਣ ਵਕਤ ਵਾਹਿਗੁਰੂ ਜੀ ਨੇ ਜੋ ਪੂਰਨ ਇਨਸਾਨ ਸੋਚਿਆ ਉਸਦਾ ਪੂਰਾ Constitution ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਗਿਆ ਹੈ। ਇਹ ਪੂਰੇ ਗੁਰੂ ਦੀ ਬਾਣੀ ਹੈ, ਧੁਰ ਕੀ ਬਾਣੀ ਹੈ, ਬ੍ਰਹਮ ਵਿਚਾਰ ਹੈ ਅਤੇ ਹਰ ਪੱਖੋਂ ਪੂਰਨ ਹੋਣ ਕਰਕੇ ਇਹ ਉਹਨਾਂ ਸਭ ਜਿਗਿਆਸੂਆਂ ਨੂੰ ਪੂਰਨਤਾ ਵੱਲ ਲੈ ਜਾਂਦੀ ਹੈ। ਇਹ ਵੱਡਾ ਇਲਾਹੀ ਕਾਰਜ ਹੈ ਜੋ ਕਿ 230 ਸਾਲਾਂ ਵਿਚ ਦਸ ਜਾਮੇ ਧਾਰ ਕੇ ਗੁਰੂ ਸਾਹਿਬਾਨ ਨੇ ਪੂਰਨ ਕੀਤਾ। ਇਸ ਦੌਰਾਨ ਗੁਰੂ ਸਾਹਿਬਾਨ ਅਤੇ ਸਿੱਖ ਤੱਤੀਆਂ ਤਵੀਆਂ ਤੇ ਬੈਠੇ, ਦੇਗਾਂ ਵਿਚ ਉਬਾਲੇ ਗਏ, ਤਨ ਤੇ ਗਰਮ ਰੇਤੇ ਪੁਵਾਏ, ਆਰਿਆਂ ਨਾਲ ਚਿਰਾਏ ਗਏ, ਬੰਦ ਬੰਦ ਕਟਵਾਏ, ਖੋਪਰੀਆਂ ਉਤਰਵਾਈਆਂ, ਚਰਖੜੀਆਂ ਤੇ ਚੜ੍ਹੇ ਅਸਹਿ ਤੇ ਅਕਹਿ ਕਸ਼ਟ ਸਹਾਰਦੇ ਹੋਏ ਇਸ ਧਰਤੀ ਦੀਆਂ ਰੂਹਾਨੀਅਤ ਦੀਆਂ ਜੜ੍ਹਾਂ ਨੂੰ ਆਪਣੇ ਖ਼ੂਨ ਨਾਲ ਸਿੰਚਿਆ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦੇਖਿਆ ਕਿ ਸਿੱਖ ਅੰਦਰੋਂ ਤਿਆਰ ਹੋ ਚੁੱਕਾ ਹੈ। ਉਹ ਕਰੀਬ ਕਰੀਬ ਇਕ ਪੂਰਨ ਇਨਸਾਨ ਬਣ ਚੁੱਕਾ ਹੈ ਪਰ ਸਾਹਮਣੇ ਆ ਕੇ ਪ੍ਰਗਟ ਹੋਣ ਤੋਂ ਬਗੈਰ ਅਧੂਰਾ ਹੈ, ਕਿਉਂਕਿ ਜਦੋਂ ਸਾਹਮਣੇ ਆਕੇ

ਜ਼ੁਲਮ ਨੂੰ ਟੱਕਰ ਨਹੀਂ ਦਿੰਦਾ ਤਦ ਤੱਕ ਜ਼ੁਲਮ ਖਤਮ ਨਹੀਂ ਹੋ ਸਕਦਾ ਤੇ ਭਾਰਤ ਵਾਸੀ ਸੁਤੰਤਰ ਨਹੀਂ ਹੋ ਸਕਦੇ। ਜਿਸ ਤਰ੍ਹਾਂ ਇਕ ਸ਼ਰੀਫ ਆਦਮੀ ਨੂੰ ਸਮਝਾਉਣ ਬੁਝਾਣ ਨਾਲ ਗੱਲ ਦੀ ਸਮਝ ਆ ਜਾਂਦੀ ਹੈ ਪਰ ਇਕ ਜ਼ਾਲਮ ਤਾਕਤ ਦੇ ਨਸ਼ੇ ਵਿਚ ਅੰਨੇ ਹੋਏ ਇਨਸਾਨ ਨੂੰ, ਦੂਜੇ ਦੀ ਚੁੱਪ ਸ਼ਹਿਣਸ਼ੀਲਤਾ ਅਤੇ ਸ਼ਾਂਤੀ ਦੀ ਸ਼ਹਾਦਤ, ਕਮਜ਼ੋਰੀ ਦਿਸਦੀ ਹੈ। ਉਹ ਸਿਰਫ਼ ਤਾਕਤ ਤੇ ਤਲਵਾਰ ਦੀ ਜ਼ੁਬਾਨ ਹੀ ਸਮਝਦਾ ਹੈ। ਇਸ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਨੇ ਮਹਾਰਾਜ ਨੇ ਇਹ ਕਿਹਾ ਕਿ ਜਦੋਂ ਸ਼ਾਂਤੀ ਕਾਇਮ ਰੱਖਣ ਲਈ ਸਾਰੇ ਹੀਲੇ ਮੁੱਕ ਜਾਣ ਤੇ ਜ਼ਾਲਮ ਜ਼ੁਲਮ ਕਰਨੋਂ ਨਾ ਟਲੇ ਤਾਂ ਕਿਰਪਾਨ ਚੁੱਕਣੀ ਜਾਇਜ਼ ਹੈ ਤੇ ਜ਼ਰੂਰੀ ਵੀ ਹੈ। ਮਹਾਰਾਜ ਫੁਰਮਾਉਂਦੇ ਹਨ:

ਚੂੰ ਕਰ ਅਜ਼ ਹਮਾ ਹੀਲਤੇ ਦਰ ਗੁਜਸ਼ਤ॥
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ॥

ਜਦੋਂ ਅਸੀਂ 1699 ਈ: ਦੀ ਵਿਸਾਖੀ ਵਾਲੇ ਦ੍ਰਿਸ਼ ਵੱਲ ਝਾਤ ਮਾਰਦੇ ਹਾਂ ਤਾਂ ਉਸ ਨਾਲ ਜੁੜੇ ਹੋਰ ਗੁਰੂ ਇਤਿਹਾਸ ਨੂੰ ਦੇਖਦੇ ਹਾਂ ਤਾਂ ਵਿਸਮਾਦੀ ਰੰਗਣ ਵਿਚ ਰੰਗੇ ਜਾਂਦੇ ਹਾਂ ਕਿ ਇਹ ਸਾਰਾ ਸਫਰ ਵਿਸਾਖੀ ਤੇ ਕਿਵੇਂ ਮੁਕੰਮਲ ਹੋ ਰਿਹਾ ਹੈ। ਇਸ ਬਦਲੇ ਸੰਸਾਰ ਨੂੰ ਸੋਧਣ ਲਈ ਜਦੋਂ ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਪਹਿਲੀ ਉਦਾਸੀ ਸ਼ੁਰੂ ਕੀਤੀ। "ਚੜਿਆ ਸੋਧਨ ਧਰਤਿ ਲੁਕਾਈ" ਤਾਂ ਉਹ ਦਿਨ ਵਿਸਾਖੀ ਵਾਲਾ ਹੀ ਸੀ।

ਤੇ ਉਹ ਦਿਨ ਵੀ ਵਿਸਾਖੀ ਵਾਲਾ ਸੀ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪ੍ਰਗਟ ਕੀਤਾ।

ਗੁਰੂ ਨਾਨਕ ਦੇਵ ਜੀ ਨੇ ਇਹ ਸੋਧਨ ਦਾ ਕਾਰਜ ਵਿਸਾਖੀ ਤੇ ਆਰੰਭਿਆ ਸੀ, ਆਪ ਨੇ ਦਸ ਜਾਮ ਧਾਰ ਕੇ ਵਿਸਾਖੀ ਤੇ ਹੀ ਖਾਲਸਾ ਪ੍ਰਗਟ ਕਰਕੇ ਪੂਰਨ ਕੀਤਾ।

ਪੰਜ ਪਿਆਰੇ ਸਾਜ ਕੇ ਮਹਾਰਾਜ ਨੇ ਪੰਜਾਂ ਨੂੰ ਕਿਹਾ ਕਿ ਹੁਣ ਮੈਨੂੰ ਵੀ ਖੰਡੇ ਬਾਟੇ ਦੀ ਪਾਹੁਲ ਛਕਾਓ ਤਾਂ ਪੰਜਾਂ ਨੇ ਬੇਨਤੀ ਕੀਤੀ ਕਿ ਪਾਤਸ਼ਾਹ ਆਪ ਦਾ ਦੀਵਾ ਪਹਿਲਾਂ ਹੀ ਜਲਦਾ ਪਿਆ ਹੈ ਇਹ ਤਾਂ ਆਪ ਨੇ ਤੁਠ ਕੇ ਸਾਡੇ ਦੀਵੇ ਬਾਲੇ ਹਨ। ਤਾਂ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਕਿਹਾ ਕਿ ਆਣ ਵਾਲੇ ਸਮੇਂ ਵਿਚ ਕੋਈ ਇਹ ਨਾ ਸਮਝ ਬੈਠੇ ਕਿ ਖਾਲਸੇ ਦੇ ਦੀਵੇ ਦੀ ਲੋਅ ਅਤੇ ਗੁਰੂ ਦੇ ਦੀਵੇ ਦੀ ਲੋਅ ਵਿਚ ਕੋਈ ਫਰਕ ਹੈ। ਇਸ ਲਈ ਹੁਣ ਮੈਨੂੰ ਵੀ ਖੰਡੇ ਬਾਟੇ ਦੀ ਪਾਹੁਲ ਛਕਾ ਕੇ ਗੋਬਿੰਦ ਰਾਏ ਤੋਂ ਗੋਬਿੰਦ ਸਿੰਘ ਸਜਾਓ। ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਖਾਲਸੇ ਨੂੰ ਆਪਣਾ ਰੂਪ ਹੀ ਬਣਾ ਦਿੱਤਾ। "ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮਹ ਹਉ ਕਰਉ ਨਿਵਾਸ" ਆਪਣਾ ਰੂਪ ਬਣਾ ਕੇ ਸਭ ਤੋਂ ਪਹਿਲਾਂ ਆਪਣਾ ਪਹਿਰਾਵਾ ਦਿੱਤਾ ਅਤੇ ਪੰਜ ਕਕਾਰ ਬਖਸ਼ੇ।

ਕੇਸ: ਜਦੋਂ ਜ਼ੁਲਮ ਦੇ ਸਾਹਮਣੇ ਸਾਡੇ ਸਾਰੇ ਹੀਲੇ ਵਰਤੇ ਗਏ ਅਤੇ ਉਹ ਆਪਣੇ ਭੈੜੇ ਇਰਾਦਿਆਂ ਤੋਂ ਬਾਜ ਨਾ ਆਇਆ ਤੱਤੀਆਂ ਤਵੀਆਂ, ਚਾਂਦਨੀ ਚੌਂਕ ਦੀ ਸ਼ਹੀਦੀਆਂ ਹੋਣ ਤੋਂ ਬਾਅਦ ਔਰੰਗਜ਼ੇਬ ਦਾ ਅਹੰਕਾਰ ਭਰਿਆ ਫੁਰਮਾਨ ਕਿ ਕੋਈ ਸਿੱਖ ਹੁਣ ਸਿੱਖ ਨਹੀਂ ਕਹਾਵੇਗਾ ਬਲਕਿ ਹੋਏਗਾ ਹੀ ਨਹੀਂ। ਗੁਰੂ ਗੋਬਿੰਦ ਸਾਹਿਬ ਜੀ ਦੀ ਸ਼ਹਾਦਤ ਤੋਂ 1699 ਦੀ ਵਿਸਾਖੀ 24 ਸਾਲ ਤੇ ਚਿੰਤਨ ਅਤੇ ਰਹਿੰਦੀ ਘਾੜਤ ਪੂਰੀ ਕਰਕੇ ਇਕ ਵਿਲੱਖਣ ਰੂਪ ਬਖਸ਼ਿਆ ਅਤੇ ਸਾਬਤ ਸਬੂਤ ਰਹਿਣ ਦਾ ਹੁਕਮ ਦਿੱਤਾ ਕਿ ਅੱਜ ਤੋਂ ਬਾਅਦ ਸਿੱਖ ਸਾਬਤ ਸੂਰਤ ਦਸਤਾਰ ਸਿਰਾ ਹੀ ਹੋਏਗਾ। ਸਾਬਤ ਸੂਰਤ ਦਾ ਭਾਵ ਹੈ ਕਿ ਕੇਸਾਂ ਦੀ ਬੇਅਦਬੀ ਨਹੀਂ ਕਰਨੀ ਅਤੇ ਪੂਰੀ ਸੰਭਾਲ ਕਰਨੀ ਜਿਵੇਂ ਕਿ ਇਕ ਫੌਜੀ ਵਰਦੀ ਤੋਂ ਬਗੈਰ ਫੌਜੀ ਹੀ ਨਹੀਂ ਰਹਿੰਦਾ ਬਲਕਿ ਇਸ ਫੌਜੀ ਵਰਦੀ ਉਤਾਰਕ ਜਿਵੇ Civilian ਨਹੀਂ ਬਣਦਾ ਬਲਕਿ ਭਗੌੜਾ ਬਣ ਜਾਂਦਾ ਹੈ ਤੇ ਭਗੌੜੇ ਦੀ ਸਜ਼ਾ: Court Martial ਤੇ ਗੋਲੀ ਹੁੰਦੀ ਹੈ। ਇਸ ਤਰ੍ਹਾਂ ਸਾਡੇ ਗੁਰੂ ਦੀ ਫੌਜ ਭਾਵ ਸਿੱਖ, ਜਿਸ ਨੂੰ ਇਹ Timeless ਵਰਦੀ ਦੇ ਕੇ ਅਤੇ ਪੂਰਨ ਇਨਸਾਨ ਬਣਾ ਕੇ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਮਿਸ਼ਨ ਸੰਪੂਰਨ ਕੀਤਾ। ਇਸ ਸਵਰੂਪ ਨੂੰ ਦੇਣ ਵਾਸਤੇ ਹਜ਼ਾਰਾਂ ਸਿੱਖਾਂ ਅਸਹਿ ਅਤੇ ਅਕਹਿ ਕਸ਼ਟ ਸਹਾਰਦੇ ਹੋਏ ਸ਼ਹੀਦ ਹੋਏ। ਗੁਰੂ ਸਾਹਿਬਾਨ ਤੱਤੀਆਂ ਤਵੀਆਂ ਤੇ ਬੈਠੇ, ਉੱਬਲਦੀਆਂ ਦੇਗਾਂ ਵਿਚ ਉਬਾਲੇ ਗਏ ਅਤੇ ਚਾਰ ਸਾਹਿਬਜ਼ਾਦੇ ਸ਼ਹੀਦ ਕਰਵਾਏ, ਆਪਣੇ ਮਾਤਾ ਪਿਤਾ ਦੀ ਸ਼ਹੀਦੀ ਤੇ ਆਪਣੀ ਸ਼ਹੀਦੀ ਭਾਵ ਸਰਬੰਸ ਲੁਟਾ ਕੇ ਸਾਡੀ ਵਰਦੀ ਸਾਬਤ ਸੂਰਤ ਦਸਤਾਰ ਸਿਰਾਂ ਦੇ ਕੇ ਖਾਲਸੇ ਨੂੰ ਸਰਦਾਰੀ ਬਖਸ਼ੀ।

ਕਿਰਪਾਨ: ਜਦੋਂ ਇਕ ਆਦਮੀ ਖੁੱਲ ਕੇ ਸਾਹਮਣੇ ਆ ਜਾਵੇ (ਵਰਦੀ ਪਾ ਕੇ) ਤੇ ਜ਼ਾਲਮ ਨੂੰ ਵੰਗਾਰ ਵਾਂਗੂ ਲਗੇ ਤੇ ਇਸ ਨੂੰ ਜਾਲਮ ਚੁੱਪ ਹੋ ਕੇ ਬਰਦਾਸ਼ਤ ਨਹੀਂ ਕਰ ਸਕਦਾ ਇਸ ਲਈ ਉਸਦਾ ਮੁਕਾਬਲਾ ਕਰਨਾ ਹੀ ਪੈਂਦਾ ਹੈ ਅਤੇ ਕਿਰਪਾਨ ਮੁਕਾਬਲਾ ਕਰਨ ਦੀ ਹੀ ਨਿਸ਼ਾਨੀ ਹੈ।

ਕੜਾ: ਸਾਡੇ ਗੁਰੂ ਸਾਹਿਬਾਨ ਦੀਆਂ ਸੋਚਣੀਆਂ ਹਮੇਸ਼ਾਂ ਦੂਰ ਦੇਖਣ ਵਾਲੀਆਂ Timeless ਹੋਈਆਂ ਹਨ। ਇਸ ਲਈ Prevention ਤੇ ਬਹੁਤ ਧਿਆਨ ਦਿੱਤਾ ਗਿਆ

ਹੈ ਕਿ ਜਦੋਂ ਇਕ ਆਦਮੀ ਕੋਲ ਹਥਿਆਰ ਆ ਜਾਵੇ ਤਾਂ ਉਸਦੀ ਵਰਤੋਂ ਕਿਤੇ ਡਰਾਣ ਧਮਕਾਣ ਲਈ ਹੀ ਨਾ ਹੋ ਜਾਵੇ। ਸਾਨੂੰ ਸਾਵਧਾਨੀ ਲਈ ਹੱਥਕੜੀ ਦਿੱਤੀ ਗਈ ਤਾਂ ਜੋ ਇਹਦੀ ਵਰਤੋਂ ਸਿਰਫ਼ ਆਪਣੀ ਰੱਖਿਆ ਤੇ ਮਜ਼ਲੂਮ ਦੀ ਰਖਿਆ ਤਕ ਸੀਮਤ ਕਰ ਦਿੱਤੀ।

ਕੰਘਾ: ਸਾਧੂ ਵੀ ਲੰਬੇ ਲੰਬੇ ਕੇਸ ਰੱਖਦੇ ਸਨ ਜੋ ਲਿਟਾਂ ਬਣ ਜਾਂਦੀਆਂ , ਇਸ ਤੋਂ ਬਚਣ ਲਈ ਕੰਘਾ ਇਸ ਜ਼ਰੂਰੀ ਸੂਚੀ ਵਿਚ ਪਾ ਦਿੱਤਾ ਤਾਂ ਜੋ ਹਰ ਵਕਤ ਕੇਸਾਂ ਵਿਚ ਰਵ੍ਹੇ ਤੇ ਕੇਸ ਸਾਫ ਸੁਥਰੇ ਰਹਿਣ।

ਕਛਹਿਰਾ: ਇਹ ਖਾਲਸੇ ਨੂੰ ਹਰ ਵਕਤ ਤਿਆਰ ਬਰ ਤਿਆਰ ਰਹਿਣ ਲਈ ਅਤੇ ਇਕ ਉਚੇ ਚਾਲ ਚਾਲਣ (Character) ਦਾ ਪ੍ਰਤੀਕ ਸ਼ਰੀਫਾਨਾ ਪਹਿਰਾਵਾ ਬਖਸ਼ਿਆ। ਇਹ ਪੰਜ ਕਕਾਰ ਸਿੱਖਾਂ ਦੀ ਪੂਰੀ ਵਰਦੀ ਹੈ ਕਿਸੇ ਮੁਲਕ ਵਿਚ ਸਿੱਖ ਰਵੇ, ਕਿਸੇ ਮੌਸਮ ਦੇ ਕੱਪੜੇ ਪਾਵੇ ਪਰ ਵਰਦੀ ਹਰ ਵਕਤ ਤੇ ਹਰ ਪਹਿਰਾਵੇ ਦੇ ਨਾਲ ਪੂਰੀ ਤਰ੍ਹਾਂ ਮਿਲਕੇ ਖਾਲਸੇ ਨੂੰ ਸਦਾ ਆਪਣੀ ਹੋਂਦ ਅਤੇ ਆਪਣੇ ਫਰਜ਼ਾਂ ਦੇ ਨਾਲ ਜੋੜ ਕੇ ਰੱਖਦੀ ਹੈ ਇਹ (Timeless) ਵਰਦੀ ਹੈ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਵਰਦੀ ਸਿੱਖਾਂ ਨੂੰ ਪਵਾਕੇ ਤਿਆਰ ਬਰ ਤਿਆਰ ਕਰ ਦਿੱਤਾ ਤਾਂ ਜ਼ਾਲਮਾਂ ਦੇ ਸਾਹਮਣੇ ਸਿੱਖ ਮੁਕਾਬਲੇ ਲਈ ਖੜਾ ਹੋ ਗਿਆ ਉਸ ਤੋਂ ਬਾਅਦ ਜਦ ਕਦੀ ਵੀ ਕੋਈ ਧਾੜਵੀ ਇਸ ਦੇਸ਼ ਵੱਲ ਆਇਆ, ਉਹ ਸਹੀ ਸਲਾਮਤ ਵਾਪਸ ਨਹੀਂ ਗਿਆ ਬਲਕਿ ਜਦੋਂ ਸਿੱਖ ਆਪਣੀ ਪੂਰੀ ਸ਼ਾਨ ਵਿਚ ਆਏ ਤਾਂ ਸਿੱਖਾਂ ਨੇ ਕਾਬਲ ਦੇ ਨੇੜੇ ਤਕ ਜਾ ਕੇ ਉਨ੍ਹਾਂ ਧਾੜਵੀਆਂ ਨੂੰ ਸੋਧਿਆ। ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ, ਸਾਰਾ ਪਾਕਿਸਤਾਨ Including N.W.F.P. ਉਤਰ ਵਲ ਚੀਨ ਦੇ ਬਾਰਡਰ, ਅਤੇ ਰੂਸ ਦੇ ਬਾਰਡਰ ਤਕ ਆਪਣੀ ਹਕੂਮਤ ਕੀਤੀ। ਪਹਿਲਾਂ ਸਿੱਖਾਂ ਨੂੰ ਮੁਕਾਉਣ ਦੀ ਬਹੁਤ ਵੱਡੀਆਂ ਵੱਡੀਆਂ ਕੋਸ਼ਿਸਾਂ ਕੀਤੀਆਂ ਗਈਆਂ। ਇਸ ਮਕਸਦ ਲਈ ਦਰਬਾਰ ਸਾਹਿਬ ਦਾ ਸਰੋਵਰ ਮਿੱਟੀ ਨਾਲ ਭਰਿਆ ਗਿਆ ਕਿ ਉਥੋਂ ਅੰਮ੍ਰਿਤ ਛਕ ਕੇ ਸਿੱਖ ਆਪਣੀ ਸ਼ਕਤੀ ਨਾ ਲੈ ਸਕਣ। ਇਹੋ ਜਿਹੇ ਕਈ ਹੀਲੇ ਕੀਤੇ ਗਏ ਹੁਣ ਵੀ ਕਈ ਹੀਲੇ ਗਲਤ ਪ੍ਰਚਾਰ ਰਾਹੀਂ ਕੀਤੇ ਜਾਂਦੇ ਹਨ। ਪਰ ਇਹ ਅਣਖੀਲੀ ਅਤੇ ਆਤਮ ਸਨਮਾਨ ਰੱਖਣ ਵਾਲੀ ਜੰਗ ਜੂ ਕੌਮ ਨੂੰ ਕੋਈ ਖਤਮ ਨਹੀਂ ਕਰ ਸਕਿਆ ਅਤੇ ਨਾ ਹੀ ਕੋਈ ਕਰ ਸਕੇਗਾ। ਬਲਕਿ ਇਹੋ ਜਿਹੇ ਜ਼ਾਮਲ ਬਿਰਤੀ ਰੱਖਣ ਵਾਲੇ ਆਪ ਖਤਮ ਹੋ ਗਏ ਜਿਵੇਂ ਔਰੰਗਜ਼ੇਬ ਦੀ ਕਬਰ ਤੇ ਝਾੜੂ ਦੇਣ ਵਾਲਾ ਵੀ ਕੋਈ ਨਹੀਂ ਅਤੇ ਦੂਜੇ ਪਾਸੇ ਔਰੰਗਜ਼ੇਬ ਦੇ ਨੇੜੇ ਹੀ ਸਚ ਖੰਡ ਸੀ ਹਜ਼ੂਰ ਸਾਹਿਬ ਦੀ ਸ਼ਾਨ ਤੇ ਸੇਵਾ ਸੰਭਾਲ ਦੇਖਦੇ ਹੀ ਬਣਦੀ ਹੈ।

*93 ਸੈਕਟਰ 8 ਏ, ਚੰਡੀਗੜ੍ਹ*

# ਇਸ਼ਨਾਨ: ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ

## ਭਾਈ ਸਾਹਿਬ ਭਾਈ ਵੀਰ ਸਿੰਘ

ਇਕ ਇਲਾਕੇ ਵਿਚ ਇਕ ਅੰਗਰੇਜ਼ੀ ਪੜ੍ਹਿਆ ਲਾਇਕ ਅਫਸਰ ਰਹਿੰਦਾ ਸੀ। ਜਾਤ ਦਾ ਬਨੀਆ ਅਰ ਆਪਣੇ ਕੰਮ ਵਿਚ ਬੜਾ ਹੁਸ਼ਿਆਰ ਸੀ। ਆਪਣੇ ਦੇਸ਼ ਦੀ ਖਬਰ ਘੱਟ ਸੀ, ਪਰ ਅੰਗਰੇਜ਼ੀ ਖਬਰ ਬਹੁਤ ਸੀ। ਇਕ ਦਿਨ ਇਨ੍ਹਾਂ ਨੇ ਇਕ ਅੰਗਰੇਜ਼ੀ ਦੀ ਕਿਤਾਬ ਮੰਗਵਾ ਕੇ ਪੜੀ, ਜਿਸ ਵਿਚ ਕਸਰਤਾਂ ਅਰਥਾਤ ਵਰਜਿਸ਼ਾਂ ਦਾ ਜ਼ਿਕਰ ਸੀ। ਇਸ ਪੁਸਤਕ ਵਿਚ ਅਨੇਕ ਪ੍ਰਕਾਰ ਦੀਆਂ ਵਰਜਿਸ਼ਾਂ ਦਾ ਵੇਰਵਾ ਸੀ, ਪਰ ਖਾਸ ਕਰ ਇਸ ਵਰਜਿਸ਼ ਦਾ ਹਾਲ ਸੀ ਜੋ ਅੱਜ ਕਲ੍ਹ ਬਹੁਤ ਤੂਰ ਪਈ ਹੈ। ਇਸ ਪੁਸਤਕ ਦੇ ਅਖੀਰ ਵਿਚ ਲਿਖਿਆ ਸੀ ਕਿ ਜੋ ਪੁਰਖ ਇਸ ਵਰਜਿਸ਼ ਨੂੰ ਕਰੇ, ਉਹ ਕਿਉਂ ਬੀਮਾਰ ਕਰੇ, ਅਰ ਰੋਜ਼ ਸਵੇਰੇ ਤਾਜ਼ੇ ਜਲ ਨਾਲ ਇਸ਼ਨਾਨ ਕਰੇ, ਉਹ ਕਿਉਂ ਬੀਮਾਰ ਹੋਵੇ। ਇਹ ਪੜ੍ਹ ਕੇ ਉਹ ਅਫਸਰ ਬਹੁਤ ਖੁਸ਼ ਹੋਇਆ ਕਿ ਉਹ ਹੋ ਮੈਂ ਤਾਂ ਹਰ ਰੋਜ਼ ਗਰਮ ਪਾਣੀ ਨਾਲ ਨਹਾਉਂਦਾ ਹਾਂ ਤੇ ਤਾਕਤ ਦਿੰਦਾ ਹੈ ਠੰਢਾ ਪਾਣੀ ਤਾਂ ਤੇ ਅੱਜ ਤੋਂ ਇਸ ਸੁਭਾ ਨੂੰ ਬਦਲ ਦੇਵੀਏ।

ਇਸ ਅਫਸਰ ਦੇ ਮਾਤਹਤ ਇਕ ਹੋਰ ਅਫਸਰ ਸੀ, ਜੋ ਸਿੱਖ ਸੀ ਤੇ ਰਹਿਣੀ ਬਹਿਣੀ ਦਾ ਪੂਰਾ ਸੀ। ਉਸ ਵੇਲੇ ਕਿਤੋਂ ਉਹ ਆ ਨਿਕਲਿਆ। ਉਸਨੂੰ ਦੇਖ ਕੇ ਉਸ ਅਫਸਰ ਨੇ ਕਿਹਾ, "ਦੇਖੋ ਸਿੰਘ ਜੀ, ਤੁਮ ਕੋ ਬਾਤ ਬਤਾਏਂ, ਤੁਮ ਹਰ ਰੋਜ਼ ਏਕ ਘੰਟਾ ਕਸਰਤ ਕੀਆ ਕਰੋ ਅਰ ਸੁਬਹ ਸਵੇਰੇ ਹੀ ਠੰਢੇ ਪਾਨੀ ਸੇ ਨ੍ਹਾਇਆ ਕਰੋ, ਪਾਨੀ ਗਰਮ ਮਤ ਕੀਆ ਕਰੋ। ਤੁਮਾਰੇ ਜਿਸਮ ਕੋ ਬੜੀ ਤਾਕਤ ਆ ਜਾਏਗੀ। ਇਕ ਲਾਇਕ ਅੰਗਰੇਜ਼ੀ ਕੀ ਯਿਹ ਰਾਇ ਹੈ।"

ਸਿੰਘ ਜੀ ਸੁਣ ਕੇ ਮੁਸਕੁਰਾਏ ਅਰ ਬੋਲੇ ਕਿ ਮਹਾਰਾਜ ਜੀ, ਸਾਡੇ ਤਾਂ ਧਰਮ ਦੇ ਵਾਹਯ ਸਾਧਨਾਂ ਵਿਚ ਮੁਖ ਸਾਧਨ ਇਸ਼ਨਾਨ ਹੈ ਅਰ ਅਸੀਂ ਲੋਕ ਬਹੁਤ ਤੜਕੇ ਹਰ ਰੋਜ਼ ਠੰਢੇ ਜਲ ਨਾਲ ਇਸ਼ਨਾਨ ਕਰਦੇ ਹਾਂ।

ਅਫਸਰ-ਯਿਹ ਤੁਮ ਕੋ ਕਿਸ ਨੇ ਬਤਾਇਆ?

ਸਿੰਘ- ਸਾਡੇ ਗੁਰੂ ਸਾਹਿਬਾਨ ਨੇ ਸਾਨੂੰ ਦਸਿਆ, ਨਾਂ ਕੇਵਲ ਦਸਿਆ ਸਗੋਂ ਹੁਕਮ ਦਿੱਤਾ।

*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ।*
(ਗਾਉੜੀ ਵਾਰ ਮ: ੪)

ਅਫਸਰ- ਤਬ ਤੋ ਆਪ ਕੇ ਗੁਰੂ ਬੜੇ ਇੱਜ਼ਤ ਯੋਗ ਹੈਂ, ਅਰ ਮਾਲੂਮ ਹੋਤਾ ਹੈ ਕਿ ਆਪ ਕਾ ਮਜ਼ਹਬ ਬਹੁਤ ਅੱਛਾ ਹੋਗਾ।

ਸਿੰਘ ਜੀ - ਆਪ ਮੁਤਾਲਯਾ ਕਰਕੇ ਦੇਖ ਲਵੋ। ਸਾਡੇ ਭਾਈ ਗੁਰਦਾਸ ਜੀ ਐਥੇ ਤਕ ਕਹਿ ਗਏ ਹਨ:

*ਕੁਰਬਾਣੀ ਤਿਨਾਂ ਗੁਰਸਿਖਾਂ*
*ਅੰਮ੍ਰਿਤ ਵੇਲੇ ਸਰ ਨਾਵੰਦੇ।*
(ਵਾਰ ੧੨)

ਅਫਸਰ -ਬਹੁਤ ਖ਼ੂਬ, ਬਹੁਤ ਖ਼ੂਬ।

ਇਸ ਬਾਤ ਚੀਤ ਦਾ ਸਿੱਟਾ ਇਹ ਨਿਕਲਿਆ ਕਿ ਦੇਸੀ ਅਫਸਰ ਨੂੰ ਅੰਗਰੇਜ਼ ਦੀ ਰਾਏ ਦੇਖ ਕੇ ਸਿੱਖ ਮਜ਼ਹਬ ਦੀ ਕਦਰ ਮਾਲੂਮ ਹੋਈ, ਪਰ ਹੁਣ ਸਾਨੂੰ ਖਬਰਾਂ ਇਹ ਪਹੁੰਚਦੀਆਂ ਹਨ ਕਿ ਕਈ ਕਈ ਸਿੱਖ ਹਠ ਆਗ੍ਰਹ ਹੋ ਕੇ ਆਪਣੀਆਂ ਖੂਬੀਆਂ ਤੋਂ ਵੀ ਹੱਥ ਧੋਇਆ ਚਾਹੁੰਦੇ ਹਨ। ਅਰਥਾਤ ਇਸ਼ਨਾਨ ਨੂੰ ਚੰਗਾ ਨਹੀਂ ਸਮਝਦੇ। ਇਸ ਵਿਚ ਸ਼ੱਕ ਨਹੀਂ ਕਿ ਫੋਕੇ ਇਸ਼ਨਾਨ ਕਰਨ ਤੇ ਮੁਕਤੀ ਨਹੀਂ ਹੁੰਦੀ, ਯਥਾ

*ਜਲ ਕੈ ਮਜਨਿ ਜੇ ਗਤਿ ਹੋਵੈ*
*ਨਿਤ ਨਿਤ ਮੇਂਡੁਕ ਨਾਵਹਿ।*
(ਆਸਾ ਕਬੀਰ ਜੀ)

ਪ੍ਰੰਤੂ ਨ੍ਹਾਉਣਾ ਸਰੀਰਕ ਗਤੀ ਜ਼ਰੂਰ ਕਰਦਾ ਹੈ : ਅਰਥਾਤ ਪਵਿਤ੍ਰਤਾ ਬਖਸ਼ਦਾ ਹੈ। ਸਰੀਰ ਦੇ ਮੁਸਾਮ ਬੰਦ ਹੁੰਦੇ ਹਨ। ਅਰ ਅੰਦਰਲੀ ਮੈਲ ਕੱਢਣ ਵਾਲੀਆਂ ਮੋਰੀਆਂ (ਰੋਮ) ਦੇ ਮੂੰਹ ਖੁੱਲ੍ਹ ਜਾਂਦੇ ਹਨ, ਜਿਸ ਕਰਕੇ ਅੰਦਰ ਮੈਲ ਜਮ੍ਹਾਂ ਨਹੀਂ ਹੁੰਦੀ। ਸਰੀਰ ਤੰਦਰੁਸਤ ਰਹਿੰਦਾ ਹੈ। ਫੇਰ ਤਾਜ਼ੇ ਜਾਂ ਠੰਢੇ ਪਾਣੀ ਨਾਲ ਨ੍ਹਾਤਿਆਂ ਤਾਕਤ ਪੈਦਾ ਹੁੰਦੀ ਹੈ। ਧਾਰਮਕ ਲਾਭ ਇਹ ਹੁੰਦਾ ਹੈ ਕਿ ਸਰੀਰ ਦੀ ਸੁੱਛਤਾ ਦੇ ਹੁੰਦੇ ਸਾਰ ਹੀ ਮਨ ਪੁਰ ਅਸਰ ਪੈਂਦਾ ਹੈ ਕਿਉਂਕਿ ਜੀਵਤ ਦੇਹ ਦਾ ਪਰਸਪਰ ਸਬੰਧ ਐਸਾ ਨਜ਼ਦੀਕੀ ਹੈ ਕਿ ਇਕ ਦਮ ਖ਼ੂਨ ਸਿਰ ਨੂੰ ਜਾ ਚੜ੍ਹਦਾ ਹੈ, ਚਿਹਰਾ ਤੇ ਅੱਖਾਂ ਲਾਲ ਹੋ ਜਾਂਦੀਆਂ ਹਨ। ਅਰ ਜਦ ਫੇਰ ਕਿਸੇ ਪ੍ਰਕਾਰ

ਦੀ ਬੀਮਾਰੀ ਸਰੀਰ ਨੂੰ ਗ੍ਰਸਦੀ ਤੇ ਦੁਖ ਦੇਂਦੀ ਹੈ ਤਦ ਵੀ ਮਨ ਪੁਰ ਐਸਾ ਅਸਰ ਪੈਂਦਾ ਹੈ ਕਿ ਛਿੱਥਾ ਤੇ ਚਿੜਚਿੜਾ ਹੋ ਜਾਂਦਾ ਹੈ, ਅਰ ਢਿੱਲਾ ਪੈ ਜਾਂਦਾ ਹੈ। ਇਸੀ ਪ੍ਰਕਾਰ ਅਨੇਕ ਉਦਾਹਰਨ ਇਸ ਬਾਤ ਦੇ ਹਨ ਕਿ ਸਰੀਰ ਦੀ ਕ੍ਰਿਆ ਦਾ ਅਸਰ ਮਨ ਪਰ ਅਰ ਮਨ ਦਾ ਸਰੀਰ ਪਰ ਅਵਸ਼ੇਂ ਹੁੰਦਾ ਹੈ। ਇਸੀ ਪ੍ਰਕਾਰ ਹੀ ਇਸ਼ਨਾਨ ਦਾ ਅਸਰ ਮਨ ਪੁਰ ਸੁੱਛਤਾ ਦਾ ਪੈਂਦਾ ਹੈ ਅਰ ਏਕਾਗ੍ਰਤਾ ਦਾ ਰੁਖ ਪੈਦਾ ਹੋ ਜਾਂਦਾ ਹੈ। ਜਿਸ ਕਰਕੇ ਇਸ਼ਨਾਨ ਕਰਨੇ ਤੇ ਬਾਣੀ ਤੇ ਜਾਪ ਵਿਚ ਮਨ ਛੇਤੀ ਲੱਗਦਾ ਹੈ, ਅਰ ਨਿਰਮਲਤਾਈ ਦਾ ਅਸਰ ਏਕਾਗ੍ਰਤਾ ਵਿਚ ਤਰੱਕੀ ਦੇਂਦਾ ਹੈ। ਏਸੇ ਲਾਭ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਹੁਕਮ ਦਿੱਤਾ ਸੀ -

*ਗੁਰਮੁਖਿ ਨਾਮੁ ਦਾਨੁ ਇਸਨਾਨੁ*
(ਰਾਮਕਲੀ ਸਿਧ ਗੋਸਟਿ -੩੬)

ਫੇਰ ਪੰਜਵੀਂ ਪਾਤਸ਼ਾਹੀ ਨੇ ਫੁਮਾਇਆ:

*'ਕਾਮ ਕ੍ਰੋਧ ਲੋਭ ਮੋਹ ਤਜਾਰੀ॥*
*ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ॥*
(ਸੂਹੀ ਮਹਲਾ ੫)

ਏਸੇ ਕਰਕੇ ਭਾਈ ਗੁਰਦਾਸ ਜੀ ਐਸੇ ਸਿਖ ਪਰ ਕੁਰਬਾਨ ਜਾਂਦੇ ਹਨ, ਅਰ ਕਈ ਥਾਈ ਇਸ਼ਨਾਨ ਦਾ ਉਪਦੇਸ਼ ਕਰਦੇ ਹਨ। ਏਸੇ ਕਰਕੇ ਸਰਵੜਿਆਂ ਦੇ ਇਸ਼ਨਾਨ ਵਾਜੋਂ ਰਹਿਣ ਪਰ ਆਦਿ ਗੁਰੂ ਜੀ ਨੇ ਤਰਕ ਕੀਤੀ ਹੈ:

*ਦਾਨਹੁ ਤੇ ਇਸਨਾਨਹੁ ਵੰਜੇ*
*ਭਸੁ ਖਈ ਸਿਰਿ ਖੁਥੈ*
(ਵਾਰ ਮਾਝ ਮ: ੧)

ਫੇਰ ਅਜ ਤਕ ਜੋ ਸੰਤ ਮਹਾਤਮਾ ਭਜਨ ਬੰਦਗੀ ਵਾਲੇ ਸਿੰਘ ਹੁੰਦੇ ਰਹੇ ਹਨ। ਅਰ ਸਾਰੀ ਕੌਮ ਵਿਚ ਰਿਵਾਜ ਹੈ, ਹਰੇਕ ਸਿਖ ਇਸ਼ਨਾਨੀ ਹੁੰਦਾ ਹੈ, ਕੋਈ ਵਿਰਲਾ ਹੀ ਹੁੰਦਾ ਹੋਊ ਜੋ ਬਿਨਾਂ ਕਾਰਨ ਇਸ਼ਨਾਨ ਤੋਂ ਖਾਲੀ ਰਹਿੰਦਾ ਹੋਊ।........

ਜਿਸ ਦਾ ਸਰੀਰ ਕਮਜ਼ੋਰ ਹੈ, ਸਿਆਲੇ ਗਰਮ ਜਲ ਨਾਲ ਨ੍ਹਾ ਸਕਦਾ ਹੈ, ਬੀਮਾਰ ਹੈ ਤਾਂ ਜ਼ਰੂਰੀ ਨਹੀਂ ਕਿ ਠੰਢੇ ਜਲ ਨਾਲ ਨ੍ਹਾ ਕੇ ਸੰਨ੍ਹ ਦਾ ਰੋਗ ਪੈਦਾ ਕਰੇ। ਨ੍ਹਾਉਣਾ ਵਹਿਮਾਂ ਪੂਰਬਕ ਨਹੀਂ ਹੋਣਾ ਚਾਹੀਦਾ, ਸਗੋਂ ਬੁੱਧੀ ਪੂਰਬਕ ਹੋਣਾ ਉਚਿਤ ਹੈ।

*ਪੱਤ੍ਰਿਕਾ 'ਖਾਲਸਾ ਸਮਾਚਾਰ' 'ਚੋਂ ਧੰਨਵਾਦ ਸਹਿਤ*

# ਧਾਰਮਿਕ ਸਥਾਨਾਂ 'ਤੇ ਸਮਾਗਮਾਂ ਵਿਚ ਲਾਊਡ ਸਪੀਕਰ ਦੀ ਸੁਯੋਗ ਵਰਤੋਂ

ਕੰਵਰਜੀਤ ਸਿੰਘ

ਅੱਜ ਕਲ੍ਹ ਦੇ ਰਫ਼ਤਾਰੀ ਸਾਇੰਸੀ ਯੁੱਗ ਵਿਚ ਸਮੇਂ ਦੇ ਨਾਲ ਨਾਲ ਸਾਧਨਾਂ ਦੀ ਬਹੁਤਾਤ, ਸਾਧਨ ਦੀ ਖੁੱਲ੍ਹੀ ਵਰਤੋਂ ਨੇ ਸਾਡੇ ਰੋਜ਼ਮਰਾ ਦੇ ਜੀਵਨ ਵਿਚ ਵਰਤੋਂ ਵਿਹਾਰ ਨੂੰ ਸੁਖਾਲਾ ਬਣਾਉਣ ਦਾ ਜਿਥੇ ਚੋਖਾ ਸੁਖਾਵਾਂ ਯੋਗਦਾਨ ਪਾਇਆ ਹੈ, ਉਥੋਂ ਉਨ੍ਹਾਂ ਦੀ ਅਨਿਸਚਿਤ ਵਰਤੋਂ ਨੇ ਮੂਲ ਮੰਤਵ ਨੂੰ ਕਈ ਵਾਰੀ ਗੰਧਲਾ ਕਰ ਦਿੱਤਾ ਹੈ। ਅਸੀਂ ਕਈ ਵਾਰੀ ਉਨ੍ਹਾਂ ਸਾਧਨਾਂ ਦੇ ਪ੍ਰਯੋਗ ਵਿਚ ਉਸ ਤੋਂ ਆਉਣ ਵਾਲੇ ਲਾਭ ਨੂੰ ਲਾਂਭੇ ਕਰ ਉਸਦੇ ਪ੍ਰਬੰਧ, ਉਸਦੀ ਬੇਲੋੜੀ ਦਿੱਖ ਵਿਚ ਹੀ ਆਪਣਾ ਸਾਰਾ ਉਦਮ ਉਤਸ਼ਾਹ ਵਰਤ ਲੈਂਦੇ ਹਾਂ। ਠੀਕ ਕੁਝ ਇਸੇ ਤਰ੍ਹਾਂ ਹੀ ਹੈ ਅਜੋਕੀ ਲਾਊਡ ਸਪੀਕਰ ਤੇ ਸਾਊਂਡ ਸਿਸਟਮ ਦੀ ਵੱਡੇ ਦਾਇਰੇ ਦੀ ਵਰਤੋਂ ਸਾਡੇ ਧਰਮ ਅਸਥਾਨਾਂ 'ਤੇ ਖਾਸ ਕਰ ਵਿਸ਼ੇਸ਼ ਧਾਰਮਿਕ ਸਮਾਗਮਾਂ 'ਤੇ।

ਧਾਰਮਿਕ ਅਸਥਾਨਾਂ ਤੇ ਸਮਾਗਮਾਂ ਵਿਚ ਲਾਊਡ ਸਪੀਕਰ ਦੀ ਵਰਤੋਂ ਇਸ ਕਰਕੇ ਕਰਨੀ ਪਈ ਤਾਂ ਕਿ ਗੁਰਬਾਣੀ, ਸ਼ਬਦ ਉਚਾਰਨ ਦੀ ਪਹੁੰਚ ਸੰਗਤੀ ਰੂਪ ਵਿਚ ਬੈਠੇ ਹਰ ਜੀਵ ਪ੍ਰਾਣੀ ਤਕ ਪਹੁੰਚ ਜਾਵੇ। ਤਾਂ ਕਿ ਉਹ ਇਸ ਇਲਾਹੀ ਬਾਣੀ ਦੇ ਗੁਣਾਂ ਤੋਂ ਵੰਚਿਤ ਨਾ ਰਹਿ ਜਾਵੇ। ਰਾਗ ਦੇ ਰਥ 'ਤੇ ਸਵਾਰ ਹੋਈ ਸ਼ਬਦ ਦੀ ਗੂੰਜ ਹਰ ਪ੍ਰਾਣੀ ਨੂੰ ਅਨੰਦਤ ਕਰੇ। ਇਸ ਸਾਰੀ ਪ੍ਰਕ੍ਰਿਆ ਨੂੰ ਅਮਲ ਵਿਚ ਲਿਆਂਦਿਆਂ ਲਿਆਂਦਿਆਂ ਤਕ ਹੀ ਅਸੀਂ ਆਪਣੇ ਪਵਿੱਤਰ ਉਦੇਸ਼ ਤੋਂ ਉਖੜ ਗਏ ਹਾਂ। ਜਿਥੇ ਸਾਡਾ ਮੰਤਵ ਸ਼ੁਧ ਤੇ ਸਪਸ਼ਟ ਗੁਰਬਾਣੀ ਨੂੰ ਹਰ ਪ੍ਰਾਣੀ ਜੀਵ ਤਕ ਸਾਫ ਸੁਥਰੇ ਰੂਪ ਵਿਚ ਪਹੁੰਚਾ ਕੇ ਉਸਨੂੰ ਸ਼ਬਦ ਗੁਰੂ ਦੇ ਚਰਨਾਂ ਵਿਚ ਜੋੜਨਾ ਸੀ ਅਸੀਂ ਉਸ ਨੂੰ ਵੀ ਆਪਣੀ ਪ੍ਰਬੰਧਕੀ ਉਚਤਾ ਦਾ ਪ੍ਰਤੀਕ ਦਰਸਾ ਦੂਰ ਦੂਰ ਤਕ ਲੰਬੀਆਂ ਦੂਰੀਆਂ ਤਕ ਬਹੁਤ ਉਚੀ ਉਚੀ ਉਨ੍ਹਾਂ ਲੋਕਾਂ ਤਕ ਵੀ ਪਹੁੰਚਾ ਦਿੱਤਾ ਹੈ ਜਿਨ੍ਹਾਂ ਨੇ ਉਸ ਵਿਚੋਂ ਕੋਈ ਸੇਧ, ਕੋਈ ਸ਼ਰਧਾ ਕਿਣਕਾ ਆਪਣੀ ਝੋਲੀ ਪਾ, ਸ਼ਬਦ ਗੁਰੂ ਨਾਲ ਜੁੜਨ ਦੀ ਬਜਾਏ ਉਸਨੂੰ ਆਪਣੇ ਲਈ ਇਕ ਬੇਲੋੜੀ ਸਿਰਦਰਦੀ ਦਾ ਕਾਰਨ ਜਾਨਣਾ ਸ਼ੁਰੂ ਕਰ ਦਿੱਤਾ ਹੈ, ਇਸੇ ਲਈ ਉਸ ਦੇ ਮਨ ਵਿਚ ਕੋਈ ਚੰਗੀ ਭਾਵਨਾ ਉਪਜਣ ਦੀ ਗੁੰਜਾਇਸ਼ ਨਹੀਂ ਰਹਿ ਜਾਂਦੀ।

ਆਉ, ਇਸ ਸਾਰੀ ਪ੍ਰੀਕ੍ਰਿਆ ਨੂੰ ਸੰਗਤੀ ਰੂਪ ਵਿਚ ਮੁੱਢ ਤੋਂ ਵਿਚਾਰੀਏ ਤੇ ਠੀਕ ਨਿਰਣੇ 'ਤੇ ਪਹੁੰਚੀਏ:

1. ਜਿਥੇ ਲੋੜ ਨਾ ਹੋਵੇ ਉਥੇ ਲਾਊਡ ਸਪੀਕਰ, ਸਾਊਂਡ ਸਿਸਟਮ ਦੀ ਬੇਲੋੜੀ ਵਰਤੋਂ ਤੋਂ ਬਚੀਏ। ਸੰਗਤੀ ਰੂਪ ਵਿਚ ਨੇੜੇ ਨੇੜੇ ਜੁੜ ਬੈਠੋ। ਉਸ ਦੀ ਮਿੱਠੀ ਗੋਦ ਦਾ ਆਨੰਦ ਮਾਈਏ।

2. ਵਧੇਰੇ ਸੰਗਤ ਨਾ ਹੋਣ ਵੇਲੇ ਸਿਰਫ ਲੋੜ ਤਕ ਦੀ ਦੂਰੀ ਤਕ ਸਾਫ ਸੁਥਰੀ ਅਵਾਜ਼ ਪਹੁੰਚਾਣ ਦਾ ਸਾਦਾ ਸੁਯੋਗ ਪ੍ਰਬੰਧ ਕਰੀਏ।

3.ਇਕ ਵਾਰੀ ਠੀਕ ਯੋਗ ਪ੍ਰਬੰਧ ਤੋਂ ਬਾਅਦ ਲਾਊਡ ਸਪੀਕਰ ਤੋਂ ਧਿਆਨ ਹਟਾ ਕੇ ਸੁਰਤੀ ਬਿਰਤੀ ਨੂੰ ਗੁਰੂ ਚਰਨਾਂ ਨਾਲ ਜੋੜ ਮਨ ਕਰਕੇ ਸ਼ਬਦ ਨਾਲ ਜੁੜੀਏ। ਮਿੰਟ ਮਿੰਟ ਬਾਅਦ ਸਪੀਕਰ ਨੂੰ ਇਕ ਕੋਲੋਂ ਚੁੱਕ ਦੂਜੇ ਅੱਗੇ ਰੱਖਣ ਵਿਚ ਹੀ ਅਪਣਾ ਸਾਰਾ ਕੀਮਤੀ ਸਮਾਂ ਵਿਅਰਥ/ਬਰਬਾਤ ਨਾ ਕਰ ਲਈਏ।

4. ਆਪਸੀ ਸਹਿਮਤੀ ਨਾਲ ਛੋਟੇ ਖੇਤਰ ਤੋਂ ਇਸ ਨਵੇਂ ਤਜ਼ਰਬੇ ਰਾਹੀਂ ਇਸ ਰਸਮੀ ਰਵਾਇਤ ਤੋਂ ਉਪਰ ਉਠ ਇਕ ਪਵਿੱਤਰ ਵਾਤਾਵਰਣ ਵਿਚ ਗੁਰਬਾਣੀ ਗਾਉਣ ਸੁਣਨ ਦਾ ਇਕ ਨਵਾਂ ਮਾਹੌਲ ਪੈਦਾ ਕਰੀਏ ਜਿਸ ਵਿਚ ਗੁਰਬਾਣੀ ਵਿਚ ਦਰਸਾਏ ਸਾਡੇ ਲਈ ਸੁਚੱਜੇ ਮਾਰਗ ਦਾ ਆਨੰਦ ਮਾਣ ਸਕੀਏ। ਫੇਰ ਇਸ ਵਿਚ ਸਹੀ ਨਤੀਜੇ ਆਉਣਗੇ ਤੇ ਇਸ ਲਹਿਰ ਨੂੰ ਦੂਸਰੇ ਖੇਤਰ ਤਕ ਪਹੁੰਚਾ ਆਪਣੇ ਸਿੱਖ ਜਗਤ ਨੂੰ ਇਸ ਬੇਲੋੜੀ ਦਿਖਾਵਟ ਤੋਂ ਉਪਰ ਚੁੱਕ ਆਪਣੀ ਵਿਲੱਖਣ ਹੋਂਦ ਨੂੰ ਬਰਕਰਾਰ ਕਰਦੇ ਹੋਏ, ਸੁਰਖ਼ਰੂ ਤੇ ਸੰਨਤੰਦਖਣਾ ਦੇ ਮਹਿਲ ਵਿਚ ਵਿਚਰ ਸਕੀਏ।

ਪੱਤ੍ਰਿਕਾ 'ਸਾਡਾ ਵਿਰਸਾ ਸਾਡਾ ਗੌਰਵ' 'ਚੋਂ
ਧੰਨਵਾਦ ਸਹਿਤ

# ਸੁਨੱਖੇ ਸਾਹਿਤਕ ਸਰੂਪ ਦਾ ਬਗੀਚਾ-ਪ੍ਰੋ: ਪਿਆਰਾ ਸਿੰਘ ਪਦਮ

ਡਾ. ਗੁਰਮੀਤ ਸਿੰਘ ਬੈਦਵਾਨ

ਸਦਾ ਬਹਾਰ ਲੇਖਕ ਸਵਰਗੀ ਪ੍ਰੋ: ਪਿਆਰਾ ਸਿੰਘ ਪਦਮ ਦੀ ਕਾਵਿ ਪੁਸਤਕ 'ਬਗੀਚਾ' ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਪ੍ਰੋ: ਪਦਮ ਜੀ ਦੀਆਂ ਪਹਿਲਾਂ ਵੀ ਕੁਝ ਪੁਸਤਕਾਂ ਪੜ੍ਹੀਆਂ ਹਨ ਤੇ ਆਪਣੀ ਤੁੱਛ ਬੁੱਧੀ ਅਨੁਸਾਰ ਬਣਦੀ ਰਾਏ ਪ੍ਰਸਤੁਤ ਕਰਦਾ ਰਿਹਾ ਹਾਂ। ਭਾਸ਼ਾ ਵਿਭਾਗ ਵਲੋਂ ਪ੍ਰਕਾਸ਼ਿਤ ਪ੍ਰੋ: ਪਿਆਰਾ ਸਿੰਘ ਪਦਮ ਵਿਸ਼ੇਸ਼ ਅੰਕ ਵਿਚ ਪ੍ਰੋ: ਪਦਮ ਦੇ ਅਧਿਆਤਮਕ ਚਿੰਤਨ ਤੇ ਲਿਖੇ ਲੇਖ ਦੀ ਅਖੀਰਲੀ ਪੰਕਤੀ ਵਿਚ ਮੈਂ ਉਨ੍ਹਾਂ ਨੂੰ ਸਦਾਬਹਾਰ ਲੇਖਕ ਕਹਿ ਕੇ ਲੇਖ ਸਮਾਪਤ ਕੀਤਾ ਸੀ। ਹਥਲੀ ਪੁਸਤਕ ਜੋ ਕਿ ਕਾਵਿ ਰੂਪ ਵਿਚ ਹੈ ਨੂੰ ਵਾਚਦਿਆਂ, ਹੈਰਾਨਕੁੰਨ ਦ੍ਰਿਸ਼ਟੀਆਂ ਅਤੇ ਜ਼ਿੰਦਗੀ ਦੇ ਚੋਲੇ ਨਾਲ ਹਮੇਸ਼ਾਂ ਹੰਢਣ ਵਾਲੀਆਂ ਪ੍ਰਵਿਰਤੀਆਂ ਬਾਰੇ ਪੜ੍ਹ ਪੜ੍ਹ ਕੇ ਸੋਚ ਸੋਚ ਕੇ ਲੰਘਦਿਆਂ ਸੱਚ ਦੀ ਸਮੁੱਚਤਾ ਨੂੰ ਬਿਆਨ ਕਰਨ ਲੱਗਿਆਂ ਸ਼ਬਦ 'ਸਦਾ ਬਹਾਰ ਲੇਖਕ' ਨਾਲ ਹੀ ਪੁਸਤਕ ਬਗੀਚਾ ਬਾਰੇ ਵਿਚਾਰ ਸ਼ੁਰੂ ਹੋ ਗਈ। ਪੁਸਤਕਾਂ ਪੜ੍ਹ ਕੇ ਅਸੀਂ ਵਿਚਾਰ ਵਿਮਰਸ਼ ਵਿਚ ਪੈ ਜਾਂਦੇ ਹਾਂ। ਅਸਲ ਵਿਚ ਲਿਖਣ ਵਾਲੇ ਨੂੰ ਹੀ ਪਤਾ ਹੁੰਦਾ ਹੈ ਕਿ ਉਸ ਦੇ ਅੰਦਰ ਕੀ ਉਬਾਲ ਹੁੰਦਾ ਹੈ, ਕੀ ਰਿੜਕਿਆ ਜਾ ਰਿਹਾ ਹੈ, ਜੋ ਅੰਦਰ ਡੱਕਿਆ ਨਹੀਂ ਜਾਂਦਾ।

ਇਨਸਾਨ ਆਪੋ ਆਪਣੀਆਂ ਪ੍ਰਸਥਿਤੀਆਂ ਅਨੁਸਾਰ ਜ਼ਿੰਦਗੀਆਂ ਜਿਉਂਦੇ ਹਨ। ਸਰਦਾ ਪੁੱਜਦੀ ਕੁਝ ਦੂਜਿਆਂ ਲਈ ਵੀ ਕਰਦੇ ਹੋਣਗੇ, ਅੱਵਲ ਤਾਂ ਅਜੋਕੇ ਮਨੁੱਖ ਕੋਲ ਆਪਣੀ ਸਿੱਪੀ 'ਚੋਂ ਮੂੰਹ ਕੱਢਣ ਦਾ ਵਿਹਲ ਹੀ ਨਹੀਂ ਹੈ। ਦੂਜੇ ਪਾਸੇ ਨਜ਼ਰ ਮਾਰਿਆਂ ਕੁਝ ਕੁ ਅਜਿਹੇ ਵੀ ਦਿਸ ਪੈਣਗੇ ਜਿਨ੍ਹਾਂ ਨੂੰ ਸਾਰੀ ਉਮਰ ਆਪਣੇ ਵਾਸਤੇ ਵਿਹਲ ਹੀ ਨਹੀਂ ਹੁੰਦੀ। ਉਹ ਜਿਹੜੀ ਵੀ ਕਾਰ ਕਰਨ ਜੋਗੇ ਹੁੰਦੇ ਨੇ, ਤਿਆਰ ਕੀਤੀ ਸਮੱਗਰੀ ਨੂੰ ਪਹਿਲੋਂ ਦੂਜਿਆਂ ਦੀ ਭੇਟਾ ਕਰਦੇ ਨੇ ਤੇ ਫੇਰ ਤਸੱਲੀ ਕਰਦੇ ਨੇ, ਜਿਵੇਂ ਪ੍ਰੋ: ਪਦਮ ਜੀ ਇਸ ਪੁਸਤਕ ਵਿਚ ਲਿਖਦੇ ਨੇ ਕਿ

"ਰੱਬ ਹੋਇਆ ਪ੍ਰਸੰਨ ਮੇਰਾ ਕੋਈ ਹੈ ਸੀ,
ਨਹੀਂ ਹਾਂ ਔਤ ਨਿਪੁੱਤਾ 'ਦੀਨ' ਮੈਂ ਜਗ ਵਿਚ।"

ਉਹ ਆਪਣੇ ਆਪ ਨੂੰ ਪ੍ਰਮਾਤਮਾ ਦਾ ਸਮਝਦੇ ਨੇ ਤੇ ਸਾਰਿਆਂ ਨੂੰ ਆਪਣਾ। ਅਜਿਹੀ ਬਿਰਤੀ ਵਾਲੇ ਇਨਸਾਨ ਕਿਸੇ ਫਰਿਸ਼ਤੇ ਦੇ ਰੂਪ ਵਿਚ ਵਿਚਰਦੇ ਨੇ। ਜੇ ਬਹੁਤ ਮੁਢਲੇ ਸਮੇਂ ਤੋਂ ਪ੍ਰੋ: ਪਦਮ ਦੀ ਜ਼ਿੰਦਗੀ ਨੂੰ ਗਹੁ ਨਾਲ ਘੋਖਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਗੁਰਮਤਿ ਗਾਡੀ ਰਾਹ 'ਤੇ ਚੱਲਦਿਆਂ ਉਨ੍ਹਾਂ ਨੇ ਹੀਰਿਆਂ ਦੀ ਖੇਤੀ ਕੀਤੀ ਹੈ। ਗੁਰਮਤਿ ਪ੍ਰਚਾਰ ਹਿਤ, ਸਮਾਜ ਸੁਧਾਰ ਹਿਤ, ਸਭਿਆਚਾਰ ਦੀ ਸਾਂਭ ਸੰਭਾਲ ਹਿਤ, ਨੈਤਿਕ ਕਦਰਾਂ ਕੀਮਤਾਂ ਹਿਤ, ਇਤਿਹਾਸਕ ਮਿਥਿਹਾਸਕ ਜਾਣਕਾਰੀ ਹਿਤ, ਜੋਧਿਆਂ ਵੀਰਾਂ ਦੀ ਬੀਰਤਾ ਹਿਤ, ਸੰਤਾਂ ਮਹਾਂਪੁਰਸ਼ਾਂ ਦੀਆਂ ਘਾਲਨਾਵਾਂ ਹਿਤ, ਗੁਰੂਆਂ ਭਗਤਾਂ ਦੀਆਂ ਜੀਵਨੀਆਂ ਹਿਤ, ਵੇਦਾਂ ਸ਼ਾਸਤਰਾਂ ਦੇ ਨਿਰਮੋਲਕ ਪ੍ਰਵਚਨਾਂ ਹਿਤ, ਕੁਦਰਤ ਦੇ ਅਲੋਕਿਕ ਵਰਤਾਰਿਆਂ ਹਿਤ ਲਗਭਗ ਤਿੰਨ ਦਰਜਨ ਤੋਂ ਵੱਧ ਪੁਸਤਕਾਂ ਪ੍ਰੋ: ਪਿਆਰਾ ਸਿੰਘ ਪਦਮ ਜੀ ਨੇ ਸਰਬ ਜਨ ਕਲਿਆਣ ਹਿਤ ਲਿਖੀਆਂ ਤੇ ਛਪਵਾਈਆਂ ਹਨ। ਇਤਨਾ ਮੌਲਿਕ ਤੇ ਟਕਸਾਲੀ ਕੰਮ ਕਰਨ ਵਾਲੇ ਪ੍ਰੋ; ਪਦਮ ਇਕ ਵਿਅਕਤੀ ਤੋਂ ਇਕ ਸੰਸਥਾ ਬਣ ਗਏ ਹਨ। ਉਨ੍ਹਾਂ ਦੇ ਇਹ ਮਿਸ਼ਨਰੀ ਕਾਰਜ ਦੇਸ਼ ਕੌਮ ਲਈ ਤੇ ਵਿਅਕਤੀਗਤ ਤੌਰ 'ਤੇ ਵੀ ਹਮੇਸ਼ਾ ਚਾਨਣ ਵੰਡਦੇ ਰਹਿਣਗੇ।

ਭਰ ਵਸਦੇ ਖਾਮੋਸ਼ ਦਰਿਆ ਪ੍ਰੋ: ਪਿਆਰਾ ਸਿੰਘ ਪਦਮ ਨੇ ਕਦੇ ਆਪਣੇ ਹੋਣ ਥੀਣ ਦਾ ਰੌਲਾ ਨਹੀਂ ਪਾਇਆ, ਸਗੋਂ ਚਿੰਤਨਸ਼ੀਲ ਰਹਿੰਦਿਆਂ ਆਪਣੇ ਆਪ ਨੂੰ ਇਸ 'ਬਗੀਚਾ' ਪੁਸਤਕ ਵਿਚ ਕੁਦਰਤ ਦਾ ਸਾਜ ਸਮਝਦੇ ਰਹੇ ਤੇ ਲਿਖਦੇ ਹਨ ਕਿ

"ਤਨ ਕੁਦਰਤ ਦਾ ਸਾਜ਼ ਹੈ,
ਰੱਬ ਦਾ ਨੂਰੀ ਰਾਜ਼।
ਰਹਿਮਤ ਦਾ ਗਜ਼ ਫੇਰ ਕੇ,
ਕੱਢੇ ਕੋਈ ਅਵਾਜ਼।
ਏਸ ਅਵਾਜੋਂ ਪਤਾ ਕੀ,
ਐਸੀ ਉੱਠੇ ਧੁਨਕਾਰ।
ਤਿੰਨੇ ਲੋਕਾਂ ਵਿਚ ਹੀ,
ਹੋ ਜਾਏ ਜੈ ਜੈ ਕਾਰ। (ਪੰਨਾ 11)

ਪ੍ਰੋ: ਪਦਮ ਦੀ ਇੰਨੀ ਉਚ ਪੱਧਰੀ ਦ੍ਰਿਸ਼ਟੀ ਦਿਸਦੇ ਸੰਸਾਰ ਦੀਆਂ ਜਮਾਂਬੰਦੀਆਂ ਤੋਂ ਪਾਰ ਜਾਣ ਦਾ ਵਡਮੁੱਲਾ ਯਤਨ ਹੈ। ਲੇਖਕ ਦੀ ਸੋਚ ਕਿਸੇ ਅਜਿਹੇ ਪ੍ਰਯੋਗ ਦੀ ਭਾਲ ਵਿਚ ਹੈ ਜਿਸ ਨਾਲ ਨਿਰਮਲ ਮਨਾਂ ਦੀ ਕਾਰਜ

ਵਿਧੀ ਹੋਂਦ ਵਿਚ ਆ ਸਕੇ। ਨਿਰੇ ਧਾਰਮਿਕ ਨਾਂਵਾਂ ਥਾਵਾਂ ਤੇ ਕਰਮਕਾਂਡ ਨੂੰ ਉਹ ਅਸਫਲ ਮੰਨਦਾ ਹੈ ਜਦੋਂ ਉਹ ਕਹਿੰਦਾ ਹੈ ਕਿ ਮਨੁੱਖ ਸਚਿਆਰ ਕਿਵੇਂ ਬਣੇ –

"ਦਿਲ ਦੀ ਮੈਲ ਲਹਿੰਦੀ ਨਹੀਂ,
ਮਜ਼ਬ ਦੇ ਝਾਵੇਂ ਨੂੰ ਕੀ ਕਰਾਂ।" (ਪੰਨਾ 6)

ਅਸਲ ਵਿਚ ਪ੍ਰੋ: ਪਦਮ ਕਿਰਤ ਤੇ ਸਦਾਚਾਰ ਨੂੰ ਧਾਰਮਿਕ ਫਿਲਾਸਫੀ ਦਾ ਅਧਾਰ ਮੰਨਦਾ ਹੈ। ਇਹ ਉਸਦੀਆਂ ਕ੍ਰਿਤਾਂ ਦਾ ਇਕ ਵੱਡਾ ਮੀਰੀ ਗੁਣ ਹੈ। ਕਿਰਤਾਂ ਨਾਲ ਹੀ ਕਿਸਮਤਾਂ ਬਣਦੀਆਂ ਹਨ। ਕਿਰਤ ਹੀ ਸਿਹਤਮੰਦ ਸਮਾਜ ਦੀ ਬੁਨਿਆਦ ਹੈ। ਸਦਾਚਾਰ ਸੁਹਜ ਸਲੀਕਾ ਕਿਰਤੀ ਤੇ ਉਦਮੀ ਲੋਕਾਂ ਦੀ ਹੀ ਦੇਣ ਹੈ। ਵਿਹਲੜਾਂ ਨਿੱਖਟੂਆਂ ਤੇ ਜਗੀਰੂ ਸੋਚ ਵਾਲਿਆਂ ਨੇ ਤਾਂ ਬੋਝ ਹੀ ਬਣਨਾ ਹੈ। ਕੰਮ ਸਭਿਆਚਾਰ ਪੈਦਾ ਕਰਨ ਨੂੰ ਉਹ ਤਰਜ਼ੀਹ ਦਿੰਦਾ ਹੈ:

'ਵੇਹਲਾ ਬੈਠ ਵਤਨ ਦੀ ਕਰ ਪੱਟੀ ਮੇਸ ਨਾ।
ਢੱਠੀ ਹੋਈ ਜ਼ਿੰਦਗੀ ਨੂੰ, ਲਾ ਹੋਰ ਠੇਸ ਨਾ।

ਹਥਲੀ ਪੁਸਤਕ ਨੂੰ ਜਿਉਂ ਜਿਉਂ ਗਹਿਰਾਈ ਨਾਲ ਵਾਚਦੇ ਹਾਂ ਤਾਂ ਇਉਂ ਮਹਿਸੂਸ ਹੁੰਦਾ ਹੈ ਕਿ ਪ੍ਰੋ: ਪਦਮ ਵੇਖਣ ਨੂੰ ਭਾਵੇਂ ਆਮ ਇਨਸਾਨ ਹੀ ਸੀ ਪਰ ਉਹ ਆਮ ਨਹੀਂ ਸੀ। ਉਸਦੀ ਅਗੰਮੀ ਤੇ ਸਰਬੰਸੀ ਸੋਚ ਸਮਾਜ ਦੀ ਕਿਸਮਤ ਬਦਲਣੀ ਚਾਹੁੰਦੀ ਸੀ। ਕਈ ਥਾਵਾਂ ਤੇ ਤਾਂ ਉਹ ਖ਼ੁਦਾ ਦਾ ਭੇਜਿਆ ਹੋਇਆ ਕੋਈ ਪੈਰੋਕਾਰ ਹੀ ਜਾਪਦਾ ਹੈ। ਇਸ ਪੁਸਤਕ ਦੀ ਕਵਿਤਾ 'ਪ੍ਰਭੂ ਮਿੱਤਰ ਪਾਸ' ਵਿਚ ਆਮ ਆਦਮੀ ਲਈ ਖਿਮਾ ਯਾਚਨਾ ਇਸ ਤਰ੍ਹਾਂ ਕਰਦਾ ਹੈ। ਉਹ ਗਰੀਬ ਨਾਲ ਖੜਦਾ ਹੈ, ਇਨਸਾਨ ਤਾਂ ਕੀ ਖ਼ੁਦਾ ਤੱਕ ਵੀ ਉਸਦੀ ਵਕਾਲਤ ਕਰਦਾ ਹੈ।

"ਚੱਲ ਛੱਡ ਖਹਿੜਾ ਜਾਣ ਦੇ
ਨਾਂ ਜਿਉਂ ਗ੍ਰੀਬ ਨਿਵਾਜ਼ ਹੈ,
ਇਤਨੀ ਨਹੀਂ ਠਣਨੀ ਚਾਹੀਦੀ,
ਸਾਡੀ ਵੀ ਮੰਨਣੀ ਚਾਹੀਦੀ,
ਤਰਲਾ ਆਖਰੀ ਜੇ,
ਅੱਗੇ ਮਰਜ਼ੀ ਤੇਰੀ ਮਹਾਰਾਜ ਹੈ। (ਪੰਨਾ 21)

ਚੰਡੀ ਦੀ ਵਾਰ ਦੇ ਮੰਗਲਾਚਾਰਨ ਦਾ ਪ੍ਰਭਾਵ ਕਬੂਲਦਾ ਹੋਇਆ ਉਹ 'ਸਾਜੇ ਦਾਨਵ ਦੇਵਤੇ ਫਿਰ ਤਿਨਾਂ ਅੰਦਰ ਬਾਦ ਰਚਾਇਆ ਦੇ ਪ੍ਰਸੰਗ ਅਧੀਨ ਸਮਾਜਿਕ ਕਾਰਜਾਂ ਲਈ ਲੱਗੇ ਵਿਚਾਰ ਦੀ ਪੁਣਛਾਣ ਕਰਦਾ ਹੈ। ਮਜ਼ਦੂਰਾਂ ਦੇ ਅਰਮਾਨਾਂ ਦੀ ਗੱਲ, ਉਨ੍ਹਾਂ ਦੇ ਦੀਨ ਇਮਾਨ ਬਚਾਉਣ ਦੀ ਗੱਲ ਪ੍ਰੋ: ਪਦਮ ਵਰਗਾ ਨਿਰਮੋਲਕ ਹੀਰਾ, ਦੂਰ ਅੰਦੇਸ਼ ਲੇਖਕ ਤੇ ਕਵੀ ਹੀ ਡੰਕੇ ਦੀ ਚੋਟ ਤੇ ਕਰ ਸਕਦਾ ਹੈ। ਉਹ ਸੋਚਦਾ ਹੈ ਕਿ ਸ਼ੈਤਾਨ ਨੀਤੀਆਂ ਗਰੀਬਾਂ ਦੇ ਭੁੱਖੇ ਮਾਰੇ ਜਾਣ ਲਈ ਜ਼ਿੰਮੇਵਾਰ ਹਨ। ਸਭਿਅਤਾ ਦੇ ਚੋਲੇ ਪਹਿਨ ਕੇ ਮਨੁੱਖ ਨੇ ਬਿਰਤੀਆਂ ਪਸ਼ੂਆਂ ਵਾਲੀਆਂ ਹੀ ਰੱਖੀਆਂ ਹਨ। ਇਸ ਸਾਰੇ ਕੁਝ ਨੂੰ ਕਵੀ ਕਲਯੁੱਗ ਦਾ ਨਾਂ ਦਿੰਦਾ ਹੈ। ਅਜਿਹੀ ਸਥਿਤੀ ਜੋ ਮਨੁੱਖੋਂ ਬਾਹਰੀ ਹੋ ਗਈ ਹੈ ਨੂੰ ਦਰੁਸਤ ਕਰਨ ਵਾਸਤੇ ਉਹ ਆਪਣੇ ਦਿਲਾਂ ਦੇ ਮਾਲਕ ਪ੍ਰੇਮੀ ਪੁਰਸ਼ ਗੁਰੂ ਨਾਨਕ ਨੂੰ ਯਾਦ ਕਰਦਾ ਹੈ ਤਾਂ ਕਿ ਸਮੇਂ ਦੇ ਮਾਲਕ ਭਾਗੋ ਜਨਤਾ ਦਾ ਹੋਟ ਘਾਣ ਨਾ ਕਰ ਸਕਣ।

"ਕਲਯੁਗ ਦਾ ਪੈ ਗਿਆ ਜ਼ੋਰ ਹੈ,
ਨਾਨਕ ਤੇਰੀ ਫਿਰ ਲੋੜ ਹੈ। (ਪੰਨਾ 23)

ਪ੍ਰੋ: ਪਿਆਰਾ ਸਿੰਘ ਪਦਮ ਦੀ ਕਾਵਿ ਕਲਾ ਨਵੀਆਂ ਕਲਾਤਮਕ ਸਿਖਰਾਂ ਨੂੰ ਛੂੰਹਦੀ ਹੈ। ਉਸ ਦੀਆਂ ਖਿਆਲ ਉਡਾਰੀਆਂ ਭਾਵੇਂ ਅੰਬਰੀ ਲਹਿਰਾਉਂਦੀਆਂ ਹੋਣ ਪਰ ਉਸਦੇ ਪੈਰ ਧਰਤੀ 'ਤੇ ਰਹਿੰਦੇ ਹਨ। ਇਸ ਹਿਸਾਬ ਨਾਲ ਉਸਦੀ ਕਵਿਤਾ ਦਾ ਵਿਸ਼ਾ ਵਸਤੂ ਵਿਸ਼ਾਲ ਖੇਤਰ ਵਿਚ ਫੈਲ ਜਾਂਦਾ ਹੈ। ਬਿਰਹੋਂ ਕੁੱਠੀ ਜਿੰਦੜੀ ਨੂੰ ਪ੍ਰੇਮ (ਪ੍ਰਮਾਤਮਾ) ਦੇ ਮਿਲਣ ਦੀ ਤਾਂਘ, ਉਸ ਦੀ ਭਾਲ ਦੀਆਂ ਵਿਧੀਆਂ (ਕਿਰਤ ਤੇ ਪੇਮ) ਪੰਜਾਬ ਤੇ ਪੰਜਾਬੀਅਤ ਪ੍ਰਤੀ ਮੋਹ, ਅਜ਼ਾਦੀ ਪ੍ਰਾਪਤੀ ਲਈ ਤੜਫ, ਨੈਤਿਕ ਕਦਰਾਂ ਕੀਮਤਾਂ ਦੀ ਪਹਿਰੇਦਾਰੀ, ਰਾਜਨੀਤੀ ਦਾ ਦੰਭ, ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਮਾਨਵ ਹਿਤੈਸ਼ੀ ਨੀਤੀਆਂ ਦੀ ਵਕਾਲਤ, ਜ਼ਿੰਦਗੀ ਦੇ ਰੰਗ ਅਤੇ ਮਹੱਤਵਪੂਰਨ ਸਥਾਨ ਆਦਿ ਉਸ ਦੀ ਕਾਵਿ ਦ੍ਰਿਸ਼ਟੀ ਦੇ ਵਿਸ਼ੇ ਬਣੇ ਹਨ। ਉਸਦੇ ਗੀਤਾਂ ਤੇ ਕਵਿਤਾਵਾਂ ਦੀ ਸਰੋਦੀ ਹੂਕ ਖੁਰਦੇ ਸਭਿਆਚਾਰ ਦੇ ਦਰਦ ਵਿਚੋਂ ਪੈਦਾ ਹੋਈ ਹੈ।

ਸਮਝ ਨਹੀਂ ਪੈਂਦੀ ਪ੍ਰੋ: ਪਿਆਰਾ ਸਿੰਘ ਪਦਮ ਦੀ ਏਡੀ ਵੱਡੀ ਦੇਣ ਦੇ ਬਾਵਜੂਦ ਉਸ ਨੂੰ ਪੰਜਾਬੀ ਦੇ ਸਾਹਿਤ ਖੇਤਰ ਵਿਚ ਅਣਗੌਲਿਆਂ ਕਿਉਂ ਰੱਖਿਆ ਗਿਆ ਹੈ। ਉਸ ਦੀਆਂ ਸਾਰੀਆਂ ਕਲਾ ਕ੍ਰਿਤਾਂ ਤੇ ਬੜੇ ਮੁਲਵਾਨ ਖੋਜ ਨਿਬੰਧ ਲਿਖੇ ਜਾ ਸਕਦੇ ਹਨ। ਹਥਲੀ ਪੁਸਤਕ ਵਿਚ ਪੇਸ਼ ਹੋਏ ਵਿਸ਼ਿਆਂ ਦਾ ਨਿਭਾਅ ਉਸਦੀ ਮੌਲਿਕਤਾ ਦੀ ਮੂੰਹ ਬੋਲਦੀ ਤਸਵੀਰ ਹਨ। ਉਸਦੀਆਂ ਪੇਸ਼ ਕੀਤੀਆਂ ਦਲੀਲਾਂ ਦਾ ਅਧਾਰ ਸਰੋਤ ਗੁਰਬਾਣੀ ਸਭਿਆਚਾਰ ਹੈ। ਰੱਬ ਨੂੰ ਉਹ ਕਿਸੇ ਖਾਸ ਥਾਂ 'ਤੇ ਨਿਸਚਿਤ ਹੋਇਆ ਨਹੀਂ ਮੰਨਦਾ। ਰਬਿੰਦਰ ਨਾਥ ਟੈਗੋਰ ਵਾਂਗੂੰ ਉਹ ਉਸ (ਰੱਬ) ਨੂੰ ਕਿਰਤੀਆਂ ਦੀ ਬਰਕਤ ਵਿਚ ਹਾਜ਼ਰ ਮੰਨਦਾ ਹੈ। ਇਸੇ ਤਰ੍ਹਾਂ ਇਕਬਾਲ, ਪੂਰਨ ਸਿੰਘ ਤੇ ਭਾਈ

ਵੀਰ ਸਿੰਘ ਦੇ ਪ੍ਰਭਾਵ ਨੂੰ ਵੀ ਉਹ ਇਉਂ ਕਬੂਲਦਾ ਹੈ,

ਟੈਗੋਰ ਨੂੰ ਅਸੀਂ ਛੋੜ ਬਹੇ
ਪਰ ਉਸ ਜੇਹਾ ਕੋਈ ਹੋਰ ਨਹੀਂ,
ਇਕਬਾਲ ਜਹੇ ਲਾਲ ਕਦੇ ਲੱਭਣੇ,
ਕਿਸੇ ਹੋਰ 'ਚ ਵੈਸਾ ਜ਼ੋਰ ਨਹੀਂ
ਪੂਰਨ ਮਸਤਾਨੇ ਜੋਗੀ ਦੀ ਲਟਬੋਰੀ
ਤੋਰ ਕੋਈ ਹੋਰ ਨਹੀਂ
ਵੀਰ ਸਿੰਘ ਗਹਿਰਾਈ ਸਾਗਰ ਦੀ,
ਉਸ ਜੇਹਾ ਗੋਤਾਖੋਰ ਨਹੀਂ। (ਪੰਨਾ 69)

ਅਜ਼ਾਦੀ ਪ੍ਰਾਪਤੀ ਦੇ ਤੁਰੰਤ ਮਗਰੋਂ ਆਪਣੇ ਟਿਕ ਟਿਕਾ ਵਿਚ ਲੱਗੇ ਲੋਕਾਂ ਦੀ ਸਥਿਤੀ ਤੇ ਪ੍ਰੋ: ਪਦਮ ਗਹਿਰੀ ਟੋਹ ਰੱਖਦਾ ਰਿਹਾ। ਹਰ ਤਸਵੀਰ ਨੂੰ ਉਹ ਆਪਣੇ ਮਨ ਮਸਤਕ ਵਿਚ ਸਾਂਭਦਾ ਰਿਹਾ।ਕਿਰਤੀ ਕਿਸਾਨਾਂ ਦਾ ਜੱਸ ਗਾਉਂਦਾ ਰਿਹਾ ਤਾਂ ਕਿ ਉਨਾਂ ਨੂੰ ਹੱਲਾ ਸ਼ੇਰੀ ਦਿੱਤੀ ਜਾ ਸਕੇ ਤੇ ਦੇਸ਼ ਦੀ ਨਵਉਸਾਰੀ ਹੋ ਸਕੇ।

ਮੰਜ਼ਲ ਮੁੱਕਣ ਤੇ ਹੈ ਆਈ,
ਨਹੀਂ ਜੇ ਦਿੱਲੀ ਦੂਰ,
ਕਿਰਤੀ ਦੇ ਮਸਤਕ 'ਤੇ ਦਮਕੇ,
ਡੁੱਲ ਡੁੱਲ ਪੈਂਦਾ ਨੂਰ
ਮਿਹਨਤ ਕਿਰਤ ਗਰੀਬੀ ਨੇਕੀ,
ਬਣਸੀ ਫਿਰ ਸੁਲਤਾਨ
ਭਾਗ ਭਲੇ ਜਾਗੇ ਜਨਤਾ ਦੇ ,
ਜਾਗ ਪਏ ਕਿਰਸਾਨ (ਪੰਨਾ 68, ਜੂਨ 1949)

ਉਹ ਸਾਹਿਤ ਹੀ ਕੀ ਜਿਹੜਾ ਸਮਾਜ ਦੀ ਤਸਵੀਰ ਯਥਾਰਥਕ ਰੂਪ ਵਿਚ ਪੇਸ਼ ਨਾ ਕਰੇ। ਨਿਜ ਤੋਂ ਪਰ ਵੱਲ ਦਾ ਸਫਰ ਕਰਦਾ ਸਾਹਿਤ ਸਦੀਵ ਕਾਲ ਤਕ ਜਿੰਦਾ ਹੈ। ਇਸ ਤਰ੍ਹਾਂ ਦਾ ਹੋਕਾ ਨੰਦ ਲਾਲ ਨੂਰਪੁਰੀ, ਸ਼ਿਵ ਕੁਮਾਰ, ਧਨੀ ਰਾਮ ਚਾਤ੍ਰਿਕ, ਫਿਰੋਜ਼ਦੀਨ ਸ਼ਰਫ ਆਦਿ ਸਮਕਾਲੀ ਕਵੀਆਂ ਨੇ ਵੀ ਦਿੱਤਾ ਹੈ। ਪ੍ਰੋ: ਪਦਮ ਦੀ ਚਿੰਤਾ ਨਿੱਜ ਦੀ ਨਹੀਂ ਸਗੋਂ ਸਮੂਹਿਕਤਾ ਦੀ ਮਿਸਾਲ ਹੈ ਜਿਵੇਂ ਦੇਸ਼ ਉਸਦਾ ਪਰਿਵਾਰ ਹੋਵੇ

'ਮੈਨੂੰ ਸੁੱਤਿਆਂ ਨੀਂਦ ਨਾ ਆਵੇ
ਦੇਸ਼ ਮੇਰਾ ਭੁੱਖੋਂ ਭੁੱਖਾ
ਪਈ ਜਾਨ ਨਿਕਲਦੀ ਜਾਵੇ
ਸਾਹ ਮੇਰਾ ਸੁੱਕਾ ਸੁੱਕਾ (ਧੰਨਵਾਦ ਪੱਤਰ ਪੰਨਾ 4)

ਹਥਲੀ ਪੁਸਤਕ ਵਿਚ ਗਾਏ ਜਾ ਸਕਣ ਯੋਗ ਕਈ ਗੀਤ ਤੇ ਕਵਿਤਾਵਾਂ ਮੌਜੂਦ ਹਨ। ਇਸ ਤੋਂ ਇਲਾਵਾ ਪ੍ਰੋ: ਪਦਮ ਦੀ ਕਵਿਤਾ ਵਿਚ ਭਾਈ ਗੁਰਦਾਸ ਵਰਗੀ ਗਹਿਰਾਈ ਤੇ ਭਾਈ ਵੀਰ ਸਿੰਘ ਵਰਗਾ ਰਹੱਸ ਭਲੀਭਾਂਤ ਹੀ ਉਜਾਗਰ ਹੋਇਆ ਮਿਲਦਾ ਹੈ। ਉਸ ਮਾਲਕ ਨਾਲ ਅੰਦਰੋਂ ਪ੍ਰੇਮ ਕਿਸੇ ਭਾਗਾਂ ਵਾਲੇ ਦਾ ਹੀ ਜਾਗਦਾ ਹੈ। ਪ੍ਰੋ: ਪਦਮ ਦੀ ਰਹੱਸ ਭਰਪੂਰ ਕਵਿਤਾ ਦਾ ਨਮੂਨਾ ਇਸ ਪ੍ਰਕਾਰ ਹੈ:

'ਮੰਗਲਾਚਰਨ ਮਾਲੀ ਦਾ ਕਰੀਏ
ਜਿਸ ਇਹ ਬਾਗ ਬਣਾਇਆ
ਪੱਤੇ ਪੱਤੇ ਡਾਲੀ ਡਾਲੀ
ਹਟ ਮਹਿਕ ਦਾ ਲਾਇਆ
ਭਾਂਤ ਭਾਂਤ ਦੇ ਫੁੱਲ ਉਗਾ ਕੇ
ਮੰਡਪ ਖ਼ੂਬ ਸਜਾਇਆ
ਕਣ ਕਣ ਦੇ ਵਿਚ ਵਸ
ਅਲੌਕਿਕ ਰੂਪ ਰੰਗ ਲੁਕਾਇਆ (ਪੰਨਾ 2)

ਕੁਝ ਵੱਡੀਆਂ ਤੇ ਭਾਵਪੂਰਤ ਕਵਿਤਾਵਾਂ ਤੋਂ ਬਿਨਾਂ ਛੋਟੇ ਛੋਟੇ ਅਨੇਕਾਂ ਵਿਸ਼ਿਆਂ ਤੇ ਭਾਵੇਂ ਦੋ ਦੋ ਚਾਰ ਚਾਰ ਕਾਵਿਕ ਪੰਕਤੀਆਂ ਸਿਰਜੀਆਂ ਹਨ ਪਰ ਉਸ ਵਿਸ਼ੇ ਪ੍ਰਤੀ ਪੂਰੀ ਸੁਹਿਰਦਤਾ ਦਰਸਾਈ ਹੈ। ਇਹ ਉਸ ਦੀ ਕਾਵਿ ਕਲਾ ਦੀ ਵਿਲੱਖਣਤਾ ਹੀ ਹੈ ਕਿ ਕਿਸੇ ਵੀ ਵਿਸ਼ੇ 'ਤੇ ਗੱਲ ਕਰਦਿਆਂ ਉਸਨੂੰ ਉਪਦੇਸ਼ਾਤਮਿਕ ਲਹਿਜੇ ਵਿਚ ਮਨੁੱਖਵਾਦੀ ਪ੍ਰਵਿਰਤੀਆਂ ਅਤੇ ਧਰਤੀ ਨਾਲ ਜੋੜੀ ਰੱਖਿਆ ਹੈ। ਬਗੀਚੇ ਵਿਚ ਪੁਰਾਣੀਆਂ ਜੜ੍ਹਾਂ ਤੇ ਨਵੀਆਂ ਕਲਮਾਂ ਲਾ ਕੇ, ਪ੍ਰੰਪਰਾਗਤ ਕਦਰਾਂ ਕੀਮਤਾਂ ਨੂੰ ਅਧੁਨਿਕ ਪਰਿਪੇਖ ਵਿਚ ਰੱਖ ਕੇ ਚੌਗਿਰਦੇ ਦੀ ਸੰਭਾਲ ਲਈ ਸਫਲ ਤਜ਼ਰਬੇ ਕੀਤੇ ਮਿਲਦੇ ਹਨ।

ਪ੍ਰੋ: ਪਿਆਰਾ ਸਿੰਘ ਪਦਮ ਦੀ ਪੁਸਤਕ 'ਬਗੀਚਾ' ਜੋ ਕਿ ਉਨ੍ਹਾਂ ਦੀਆਂ ਬੇਟੀਆਂ ਡਾ. ਹਰਿੰਦਰ ਕੌਰ ਤੇ ਬੀਬੀ ਰਵਿੰਦਰ ਕੌਰ ਵਲੋਂ ਸੰਪਾਦਿਤ ਕੀਤੀ ਗਈ ਹੈ ਬਾਰੇ ਉਪਰੋਕਤ ਵਿਚਾਰ ਦੇ ਅਧਾਰ ਤੇ ਆਖਿਆ ਜਾ ਸਕਦਾ ਹੈ ਕਿ ਪੁਸਤਕ 'ਬਗੀਚਾ' ਵਿਚਲੀ ਕਾਵਿ ਸਮੱਗਰੀ ਪ੍ਰੋ: ਪਿਆਰਾ ਸਿੰਘ ਪਦਮ ਨੂੰ ਹੀ ਸੁਨੱਖੇ ਸਾਹਿਤਕ ਸਰੂਪ ਦਾ ਬਗੀਚਾ ਬਣਾ ਕੇ ਪੇਸ਼ ਕਰਦੀ ਹੈ। ਪ੍ਰੋ: ਪਦਮ ਦੇ ਕਾਵਿ ਦੀ ਹਰਮਨ ਪਿਆਰਤਾ ਹਮੇਸ਼ਾਂ ਬਣੀ ਰਹੇਗੀ। ਕਿਉਂਕਿ ਇਸ ਵਿਚਲੀ ਸਰਲ ਤੇ ਮਿੱਠੀ ਬੋਲੀ ਲੈਅ ਭਰਪੂਰ ਧਾਰਮਿਕ ਸ਼ਰਧਾ ਭਾਵ ਨੂੰ ਪ੍ਰਗਟਾਉਂਦੀ ਹੋਈ ਕੁਝ ਕਰ ਗੁਜ਼ਰਨ ਦਾ ਹੋਕਾ ਦੇ ਜਾਂਦੀ ਹੈ। ਮਹਾਨ ਲੇਖਕ ਤੇ ਉਜਲ ਬਿਰਤੀਆਂ ਦੇ ਮਾਲਕ ਪ੍ਰੋ: ਪਿਆਰਾ ਸਿੰਘ ਪਦਮ ਦੇ ਜਨਮ ਦਿਨ ਤੇ ਇੰਨੀ ਕੁ ਨਮਸਕਾਰ ਪ੍ਰਵਾਨ ਹੋਵੇ ਤਾਂ ਧੰਨਭਾਗ ਸਮਝਾਂਗਾ।

*ਪਿੰਡ ਬਾਸੀਆਂ ਬੈਦਵਾਣ, ਡਾਕ ਮੱਛਲੀਕਲਾਂ ਤਹਿ. ਬਸੀ ਪਠਾਣਾ ਜਿਲ੍ਹਾ ਫਤਹਿਗੜ੍ਹ ਸਾਹਿਬ*

# ਰਾਗ ਵਿਵਰਨ-ਰਾਗੁ ਬਿਹਾਗੜਾ

## ਪ੍ਰੋ. ਕਰਤਾਰ ਸਿੰਘ

ਰਾਗੁ ਬਿਹਾਗੜਾ ਦਾ ਕੁਝ ਗ੍ਰੰਥਕਾਰਾਂ ਨੇ ਇਸ ਪ੍ਰਕਾਰ ਵਰਨਣ ਦਿੱਤਾ ਹੈ। ਲੋਚਨ ਪੰਡਿਤ ਨੇ ਆਪਣੇ ਗ੍ਰੰਥ 'ਰਾਗ ਤਰੰਗਣੀ' (੧੫ਵੀਂ ਸ਼ਤਾਬਦੀ) ਵਿਚ ੧੨ ਠਾਠ ਮੰਨੇ ਹਨ ਤੇ ਉਨ੍ਹਾਂ ਤੋਂ ੭੫ ਜਨਯ ਰਾਗਾਂ ਦਾ ਵਰਗੀਕਰਣ ਕੀਤਾ ਹੈ। ਉਨ੍ਹਾਂ ਨੇ ਕੇਦਾਰ ਠਾਠ ਤੋਂ ਬਿਹਾਗਰਾ ਨੂੰ ਜਨਸ ਰਾਗ ਮੰਨਿਆ ਹੈ। ਪੁੰਡਰਿਕ ਵਿਠੁਲ ਨੇ ਆਪਣੇ ਗ੍ਰੰਥ 'ਰਾਗ ਮਾਲਾ' (੧੬ਵੀਂ ਸ਼ਤਾਬਦੀ) ਵਿਚ ਰਾਗ ਰਾਗਨੀ ਵਰਗੀਕਰਨ ਵਿਚ ਨਟਨਾਰਾਯਣ ਨੂੰ ਪੁਰਸ਼ ਰਾਗ ਮੰਨਦਿਆਂ ਹੋਇਆਂ ਬਿਹਾਗੜਾ ਨੂੰ ਉਸ ਦਾ ਪੁੱਤਰ ਰਾਗ ਮੰਨਿਆ ਹੈ। ਪੰਡਿਤ ਭਾਵਭੱਟ ਨੇ ਆਪਣੇ ਗ੍ਰੰਥ 'ਅਨੂਪਬਿਲਾਸ' (੧੭ਵੀਂ ਸ਼ਤਾਬਦੀ) ਵਿਚ ਰਾਗ ਵਿਹੰਗੜ ਦਾ ਜ਼ਿਕਰ ਕੀਤਾ ਹੈ। ਪੰਡਿਤ ਸੋਮਾਨਾਥ ਨੇ 'ਰਾਗ ਵਿਬੋਧ' (੧੭ਵੀਂ ਸ਼ਤਾਬਦੀ) ਹਮੀਰ ਮੇਲ ਤੋਂ ਵਿਹੰਗੜ ਜਨਯ ਰਾਗ ਮੰਨਿਆ ਹੈ। ਪਟਨਾ ਦੇ ਮੁਹੰਮਦ ਰਜ਼ਾ ਨੇ 'ਨਗ਼ਮਾਤੇ ਆਸਫੀ' (੧੮੧੩) ਵਿਚ ੬ ਰਾਗਾਂ ਦੀਆਂ ੩੬ ਰਾਗਨੀਆਂ ਦੇ ਸਿਧਾਂਤ ਨੂੰ ਸਵੀਕਾਰ ਕਰਦਿਆਂ ਹੋਇਆਂ ਬਿਹਾਗੜਾ ਨੂੰ ਰਾਗ ਨਟ ਦੀ ਰਾਗਨੀ ਮੰਨਿਆ ਹੈ। ਸ੍ਰੀ ਵਿਮਲਾਕਾਂਤ ਰਾਏ ਚੌਧਰੀ ਨੇ 'ਰਾਗ-ਵਿਯਾਕਰਣ' ਵਿਚ ਰਾਗ ਵਿਹਾਗੜਾ ਦੇ ਦੋ ਸਰੂਪ ਦਿੱਤੇ ਹਨ। ਪਹਿਲੇ ਸਰੂਪ ਵਿਚ ਜਾਤੀ ਔੜਵ-ਵਕਰ ਔੜਵ, ਗੰਧਾਰ ਨਿਸ਼ਾਦ ਦਾ ਸੰਵਾਦ, ਮਧਿਅਮ ਦੋਵੇਂ ਪ੍ਰਯੋਗ ਹੁੰਦੇ ਹਨ। ਆਰੋਹ- ਸ ਗ ਮ ਪ ਨ ਸਂ ਅਵਰੋਹ-ਸਂ ਨ ਪ ਮ ਗ ਮ ਗ ਸ। ਰਿਸ਼ਵਭ ਤੇ ਧੈਵਤ ਵਰਜਿਤ ਹਨ। ਦੂਜੇ ਸਰੂਪ ਵਿਚ ਜਾਤੀ ਵਕਰ ਸ਼ਾੜਵ-ਸੰਪੂਰਨ, ਪੰਚਮ-ਸ਼ੜਜ ਦਾ ਸੰਵਾਦ, ਆਰੋਹ ਵਿਚ ਰਿਸ਼ਭ ਵਰਜਿਤ ਹੈ। ਆਰੋਹ-ਸ ਗ ਮ ਪ ਧ ਨੁ ਧ ਪ ਮ ਪ ਨ ਸਂ ਅਵਰੋਹ- ਸਂ ਨੁ ਧ ਪ ਮ ਗ ਮ ਗ ਰ ਸ। ਸਮਾਂ ਰਾਤ ਦਾ 10 ਤੋਂ 11-30 ਦੋਹਾਂ ਸਰੂਪਾਂ ਵਿਚ ਹੈ।

ਸੰਗੀਤ ਵਿਦਵਾਨ ਰਾਗ ਬਿਹਾਗ ਤੋਂ ਹੀ ਰਾਗ ਬਿਹਾਗੜਾ ਦੀ ਰਚਨਾ ਮੰਨਦੇ ਹਨ। ਪ੍ਰਚਾਰ ਵਿਚ ਇਸ ਰਾਗ ਨੂੰ ਤਿੰਨ ਵੱਖ ਵੱਖ ਪ੍ਰਕਾਰ ਨਾਲ ਗਾਇਆ ਵਜਾਇਆ ਜਾਂਦਾ ਹੈ। ਪਹਿਲੇ ਮੱਤ ਅਨੁਸਾਰ ਬਿਹਾਗ ਵਿਚ ਤੀਵਰ ਮਧਿਅਮ ਦਾ ਪ੍ਰਯੋਗ ਕਰਨ ਨਾਲ ਰਾਗ ਬਿਹਾਗੜਾ ਦਾ ਸਰੂਪ ਬਣ ਜਾਂਦਾ ਹੈ। ਰਾਜਾ ਨਵਾਬ ਅਲੀ ਨੇ ਵੀ ਆਪਣੇ ਗ੍ਰੰਥ 'ਮਾਰਫੁਲ ਨਗਮਾਤ' ਵਿਚ ਬਿਹਾਗੜਾ ਦੇ ਇਸ ਪ੍ਰਕਾਰ ਨੂੰ ਹੀ ਮੰਨਿਆ ਹੈ। ਦੂਜੇ ਮੱਤ ਅਨੁਸਾਰ ਦੋਨੋਂ ਮਧਿਅਮ ਤੇ ਦੋਨੋਂ ਨਿਸ਼ਾਦ ਦਾ ਪ੍ਰਯੋਗ ਕੀਤਾ ਜਾਂਦਾ ਹੈ ਤੇ ਅਵਰੋਹ ਵਿਚ ਖਮਾਜ ਅੰਗ ਨਾਲ ਕੋਮਲ ਨਿਸ਼ਾਦ ਦਾ ਪ੍ਰਯੋਗ ਸਂ ਨੁ ਧ ਪ ਜਾਂ ਪ ਨੁ ਧ ਪ ਲਗਾਉਂਦੇ ਹਨ। ਬਿਹਾਗੜਾ ਦੇ ਤੀਜੇ ਪ੍ਰਕਾਰ ਦੀ ਉਤਪਤੀ ਬਿਲਾਵਲ ਥਾਟ ਤੋਂ ਮੰਨੀ ਗਈ ਹੈ ਤੇ ਇਸ ਵਿਚ ਦੋਨੋਂ ਨਿਸ਼ਾਦ ਪ੍ਰਯੋਗ ਹੁੰਦੇ ਹਨ। ਰਾਗ ਬਿਹਾਗੜਾ ਦਾ ਇਹੀ ਪ੍ਰਕਾਰ ਜ਼ਿਆਦਾ ਪ੍ਰਚਲਿਤ ਮੰਨਿਆ ਗਿਆ ਹੈ। ਪੰਡਿਤ ਵੀ ਐਨ ਭਾਤਖੰਡੇ ਦੇ 'ਕ੍ਰਮਿਕ ਪੁਸਤਕ ਮਾਲਿਕਾ ਭਾਗ-੫' ਅਨੁਸਾਰ ਇਸ ਰਾਗ ਵਿਚ ਮਧਿਅਮ ਦਾ ਜ਼ਿਆਦਾ ਮਹੱਤਵ ਹੈ। ਇਸ ਵਿਚ ਧੈਵਤ ਦਾ ਆਰੋਹ ਵਿਚ ਸਰਲ ਰੂਪ ਵਿਚ ਪ੍ਰਯੋਗ ਹੈ ਤੇ ਅਵਰੋਹ ਵਿਚ ਨਿਸ਼ਾਦ ਕੋਮਲ ਦਾ ਸਂ, ਨੁਧ ਪ, ਦਾ ਸਪਾਟ ਰੂਪ ਵਿਚ ਪ੍ਰਯੋਗ ਹੈ ਜਦੋਂ ਕਿ ਦੂਜੇ ਗ੍ਰੰਥਕਾਰ ਇਸ ਚਲਨ ਨਾਲ ਸਹਿਮਤ ਨਹੀਂ ਹਨ। ਪੰਡਿਤ ਵੀ.ਆਰ.ਐਨ. ਪਟਵਰਧਨ ਨੇ 'ਰਾਗ ਵਿਗਿਆਨ ਭਾਗ-੫', ਅਚਾਰੀਯ ਐਸ.ਕੇ.ਐਨ. ਰਤੰਜਨਕਰ ਨੇ 'ਅਭਿਨਵ ਗੀਤ ਮੰਜਰੀ ਭਾਗ-੧', ਪੰਡਿਤ ਓਂਕਾਰ ਨਾਥ ਠਾਕੁਰ ਨੇ 'ਸੰਗੀਤਾਂਜਲੀ', ਪੰਡਿਤ ਰਾਮ ਕ੍ਰਿਸ਼ਨ ਵਿਆਸ ਨੇ 'ਰਾਗ ਪ੍ਰਵੀਨ ਭਾਗ-1', ਪੰਡਿਤ ਰਾਮਾਸ੍ਰੇਯ ਝਾ ਰਾਮਰੰਗ ਨੇ 'ਅਭਿਨਵ ਗੀਤਾਂਜਲੀ ਭਾਗ-੩', ਐਚ.ਸੀ. ਸ੍ਰੀਵਾਸਤਵ ਨੇ 'ਰਾਗ ਪਰੀਚੈ ਭਾਗ-੪', ਸ੍ਰੀ ਰਘੂਨਾਥ ਤਲੇ ਗਾਵਕਰ ਨੇ 'ਸੁਲਭ ਸੰਗੀਤ ਪ੍ਰਵੀਨ ਭਾਗ-੧', ਪੰਡਿਤ ਨਾਰਾਇਣ ਲਕਸ਼ਮਣ ਗੁਣੇ ਨੇ 'ਸੰਗੀਤ ਪ੍ਰਵੀਨ ਦਰਸ਼ਿਕਾ ਭਾਗ-੧' ਵਿਚ ਤੇ ਹੋਰ ਵਿਦਵਾਨਾਂ ਨੇ ਵੀ ਬਿਹਾਗੜਾ ਬਿਲਾਵਲ ਥਾਟ ਦਾ ਹੀ ਮੰਨਿਆ ਹੈ। ਰਾਗ ਬਿਹਾਗੜਾ ਰਾਗ ਬਿਹਾਗ ਤੇ ਖਮਾਜ ਦਾ ਇਕ ਸੁੰਦਰ ਮਿਸ਼ਰਨ ਹੈ ਤੇ ਇਹ ਰਾਗ ਸ਼ਿੰਗਾਰ ਰਸ ਪ੍ਰਧਾਨ ਮੰਨਿਆ ਜਾਂਦਾ ਹੈ। ਮੁਖ ਰੂਪ ਵਿਚ ਬ੍ਹਿਹਾਗ ਵਿਚ ਪ ਧ ਨੁ ਧ ਪ ਜੋੜਨ ਨਾਲ ਬਿਹਾਗੜਾ ਬਣ ਜਾਂਦਾ ਹੈ। ਕੁਝ ਗੁਣੀ ਜਨ ਇਸ ਦੀ ਜਾਤੀ ਔੜਵ-ਸੰਪੂਰਨ ਮੰਨਦੇ ਹਨ ਤੇ ਆਰੋਹ ਨ. ਸ ਗ, ਮ ਪ, ਨ ਸਂ ਜਾਂ ਸ ਗ, ਮ, ਪ ਨ ਸਂ ਸਵਰ ਲਗਾਉਂਦੇ ਹਨ ਪਰ ਪ ਧ ਨੁ ਧ ਪ ਦੇ ਪ੍ਰਯੋਗ ਹੋਣ ਕਾਰਨ ਕੁਝ

ਵਿਦਵਾਨ ਇਸ ਦੀ ਜਾਤੀ ਸ਼ਾੜਵ-ਸੰਪੂਰਨ ਵੀ ਮੰਨਦੇ ਹਨ ਤੇ ਕੇਵਲ ਰਿਸ਼ਭ ਸਵਰ ਨੂੰ ਹੀ ਵਰਜਿਤ ਮੰਨਦੇ ਹਨ। ਅਵਰੋਹ ਵਿਚ ਸਂ ਨ, ਧ ਪ, ਧ ਨੁ ਧ ਪ, ਮ ਗਰ ਸ ਸਵਰ ਲਗਾਉਂਦੇ ਹਨ। ਰਾਗ ਬਿਹਾਗੜਾ ਜਿਥੇ ਰਾਗ ਬਿਹਾਗ ਤੇ ਰਾਗ ਖਮਾਜ ਦਾ ਸੁਮੇਲ ਹੈ ਉਥੇ ਰਾਗ ਦੀ ਬੜ੍ਹਤ ਕਰਦੇ ਸਮੇਂ ਇਹ ਧਿਆਨ ਰੱਖਣਾ ਹੁੰਦਾ ਹੈ ਕਿ ਇਨ੍ਹਾਂ ਦੋਹਾਂ ਰਾਗਾਂ ਦੇ ਮਿਸ਼ਰਨ ਤੋਂ ਬਿਹਾਗੜਾ ਦਾ ਆਪਣਾ ਇਕ ਵੱਖਰਾ ਸਰੂਪ ਬਣਦਾ ਜਾਵੇ। ਰਾਗ ਦੇ ਮੁੱਖ ਅੰਗ ਲਈ ਨੁ ਧ ਪ, ਧ ਗ ਮ, ਗ ਰ ਸ ਸਵਰ ਪ੍ਰਯੋਗ ਕੀਤੇ ਜਾਂਦੇ ਹਨ। ਮਧਿਅਮ ਸਵਰ ਭਾਵੇਂ ਇਸ ਵਿਚ ਵਾਦੀ ਸੰਵਾਦੀ ਸਵਰ ਨਹੀਂ ਹੈ ਪਰ ਇਸ ਸਵਰ ਤੇ ਨਿਆਸ ਕਰਨ ਨਾਲ ਬਿਹਾਗ ਤੋਂ ਬਿਹਾਗੜਾ ਦਾ ਸਰੂਪ ਵੱਖ ਹੋ ਜਾਂਦਾ ਹੈ। ਗ ਮ ਪ ਨੁ ਧ ਪ, ਧ ਗ ਮ ਗ, ਇਸ ਸਵਰ- ਸਮੂਹ ਦੇ ਪ੍ਰਯੋਗ ਨਾਲ ਰਾਗ ਦਾ ਆਪਣਾ ਵੱਖਰਾ ਸਰੂਪ ਬਣਦਾ ਹੈ। ਜਿਸ ਤਰ੍ਹਾਂ ਪੂਰਵਾਂਗ ਵਿਚ ਗੰਧਾਰ ਤੇ ਪੰਚਮ ਤੇ ਨਿਆਸ ਹੈ ਉਤਰਾਂਗ ਵਿਚ ਨਿਸ਼ਾਦ ਸ਼ੁਧ ਹੀ ਇਸ ਰਾਗ ਦਾ ਪ੍ਰਾਣ ਸਵਰ ਬਣ ਜਾਂਦਾ ਹੈ। ਅਰੋਹ ਤੇ ਅਵਰੋਹ ਵਿਚ ਨਿਸ਼ਾਦ ਤੇ ਠਹਿਰਾਉ ਨਾਲ ਰਾਗ ਖਿਲਦਾ ਹੈ। ਗ ਮ ਪ ਨ, ਗ ਮ ਪ ਸਂ ਨ, ਪ ਨ ਸਂ ਨ ਐਸੇ ਸਵਰ ਸਮੂਹ ਦਾ ਪ੍ਰਯੋਗ ਕੀਤਾ ਜਾਂਦਾ ਹੈ। ਬਿਹਾਗ ਅੰਗ ਦੇ ਬਿਹਾਗੜਾ ਨਾਲ ਮਿਲਦੇ ਜੁਲਦੇ ਹੋਰ ਰਾਗ ਪਟ ਬਿਹਾਗ ਤੇ ਨਟ ਬਿਹਾਗ ਹਨ। ਪਟ ਬਿਹਾਗ ਵਿਚ ਤਾਂ ਨਿਸ਼ਾਦ ਕੋਮਲ ਵਰਜਿਤ ਸਵਰ ਹੈ ਤੇ ਹੋਰ ਚਲਨ ਕਾਫੀ ਮਿਲਦਾ ਹੈ। ਨਟ ਬਿਹਾਗ ਵਿਚ ਪੂਰਵਾਂਗ ਵਿਚ ਨਟ ਅੰਗ ਦਾ ਜ਼ਿਆਦਾ ਪ੍ਰਭਾਵ ਹੋਣ ਕਾਰਨ ਆਰੋਹ ਵਿਚ ਰਿਸ਼ਭ ਦਾ ਪ੍ਰਯੋਗ ਕੀਤਾ ਜਾਂਦਾ ਹੈ ਤੇ ਮਧਿਅਮ ਤੇ ਨਿਆਸ ਕੀਤਾ ਜਾਂਦਾ ਹੈ। ਇਸ ਲਈ ਇਹ ਦੋਨੋਂ ਰਾਗ ਹੀ ਬਿਹਾਗੜਾ ਤੋਂ ਵੱਖ ਹੋ ਜਾਂਦੇ ਹਨ।

ਗੁਰਮਤਿ ਸੰਗੀਤ ਦੇ ਖੋਜੀਆਂ ਵਿਚੋਂ ਸ੍ਰੀ ਮਾਨ ਭਾਈ ਸਾਹਿਬ ਡਾਕਟਰ ਵੀਰ ਸਿੰਘ ਦੀ 'ਗੁਰਮਤ ਸੰਗੀਤ ਪਰ ਹੁਣ ਤੀਕ ਮਿਲੀ ਖੋਜ' ਪੰਨਾ ੨੫ ਅਨੁਸਾਰ ਬਿਹਾਗੜਾ ਗੁਰਮਤਿ ਸੰਗੀਤ ਵਿਚ ਭਿੰਨ ਰਾਗ ਹੈ। ਕੇਦਾਰੇ ਨਾਲ ਗੌੜੀ ਤੇ ਥੋੜਾ ਜਿਹਾ ਸਯਾਮ ਮਿਲੇ ਤਾਂ ਬਿਹਾਗੜਾ ਹੁੰਦਾ ਹੈ। ਪ੍ਰੰਤੂ ਕਾਲੀਨਾਥ ਮੱਤ ਵਿਚ ਭੈਰਵ ਦੀ ਰਾਗਨੀ ਹੈ। ਭਰਤ ਮੱਤ ਵਿਚ ਦੀਪਕ ਦਾ ਪੁਤਰ ਹੈ। ਸੁਰ ਤਾਲ ਸਮੂਹ ਵਿਚ ਸਿਰੀ ਰਾਗ ਦਾ ਪੁੱਤਰ ਹੈ। ਸ੍ਰੀ ਮਾਨ ਭਾਈ ਸਾਹਿਬ ਡਾਕਟਰ ਚਰਨ ਸਿੰਘ ਦੀ ਗੁਰਮਤ ਸੰਗੀਤ ਪਰ ਹੁਣ ਤੀਕ ਮਿਲੀ ਖੋਜ ਪੰਨਾ ੨੨ ਅਨੁਸਾਰ ਇਸ ਰਾਗ ਮਾਲਾ ਵਿਚ ਜ਼ਿਕਰ ਨਹੀਂ ਹੈ। ਕਿਸੇ ਗ੍ਰੰਥਕਾਰ ਨੇ ਕਿਸੇ ਰਾਗ ਦੀ ਬੰਸਾਵਲੀ ਵਿਚ ਵੀ ਨਹੀਂ ਲਿਖਿਆ। 'ਨਾਦ ਬਿਨੋਦ' ਵਿਚ ਇਕ ਛਾਯਾ ਬਿਹਾਗ ਤੇ ਦੂਜੇ ਸਿਹਾਗ ਕਰਕੇ ਲਿਖਿਆ ਹੈ। ਪ੍ਰੰਤੂ 'ਸੁਰ ਤਾਲ ਸਮੂਹ' ਵਿਚ ਸਿਰੀ ਰਾਗ ਦਾ ਪੁੱਤਰ ਕਰਕੇ ਲਿਖਿਆ ਹੈ। ਸੁਰ ਖਰਜ ਪੰਚਮ ਸ਼ੁਧ ਹੈ, ਰਿਸ਼ਭ ਗੰਧਾਰ ਤੀਬਰ, ਮਧਮ ਦੋਨੋਂ, ਧੈਵਤ ਨਿਖਾਧ ਤੀਬਰ ਅੱਧੀ ਰਾਤ ਵੇਲੇ ਗਾਉਂਦੇ ਹਨ। ਕੇਦਾਰਾ, ਮਾਰਵਾ, ਸਰਸ੍ਵਤੀ ਮਿਲ ਕੇ ਬਿਹਾਗੜਾ ਬਣਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਅਨੁਸਾਰ ਇਹ ਬਿਲਾਵਲ ਥਾਟ ਦਾ ਸੰਪੂਰਨ ਜਾਤੀ ਦਾ ਰਾਗ ਹੈ। ਬਿਹਾਗ ਵਿਚ ਕੋਮਲ ਨਿਸ਼ਾਦ ਲਾਉਣ ਤੇ ਬਿਹਾਗੜਾ ਹੋ ਜਾਂਦਾ ਹੈ। ਇਸ ਵਿਚ ਤੀਵਰ ਮੱਧਮ ਵੀ ਦੁਰਬਲ ਹੋ ਕੇ ਲੱਗਦਾ ਹੈ। ਵਾਦੀ ਸੁਰ ਗੰਧਾਰ ਅਤੇ ਸੰਵਾਦੀ ਕੋਮਲ ਨਿਸ਼ਾਦ ਹੈ। ਅੰਤਰੇ ਵਿਚ ਸ਼ੁਧ ਨਿਸ਼ਾਦ ਹੀ ਲਗਦਾ ਹੈ। ਗਾਉਣ ਦਾ ਸਮਾਂ ਅੱਧੀ ਰਾਤ ਹੈ। ਡਾਕਟਰ ਜੀ ਐਸ ਮਾਨਸੁਖਾਨੀ ਦੇ 'ਇੰਡੀਅਨ ਕਲਾਸੀਕਲ ਮਿਯੂਜ਼ਕ ਐਂਡ ਸਿੱਖ ਕੀਰਤਨ' ਅਨੁਸਾਰ ਰਾਗ ਬਿਹਾਗੜਾ ਥਾਟ ਬਿਲਾਵਲ ਦਾ ਔੜਵ ਸੰਪੂਰਨ ਜਾਤੀ ਦਾ ਰਾਗ ਹੈ। ਵਾਦੀ ਗੰਧਾਰ ਸੰਵਾਦੀ ਨਿਸ਼ਾਦ ਹੈ। ਆਰੋਹ-ਨ. ਸ ਗ ਮ ਪ ਨ ਸਂ ਅਵਰੋਹ-ਸਂ ਨ ਧ ਪ, ਨੁ ਧ ਪ, ਮ ਗ ਮ ਗ ਰ ਸ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ 'ਦਾ ਐਨਸਾਈਕਲੋਪੀਡੀਆ ਆਫ ਸਿਖਇਜ਼ਤ' ਵੋ.੨, ਪੰਨਾ ੧੭੧ ਅਨੁਸਾਰ ਰਾਗ ਬਿਹਾਗੜਾ ਅੱਜ ਦੇ ਬਿਹਾਗ ਦਾ ਬਹੁਤ ਨੇੜੇ ਦਾ ਰਾਗ ਹੈ। ਰਾਗ ਮਾਲਾ ਵਿਚ ਇਸ ਰਾਗ ਦਾ ਵਰਨਣ ਨਹੀਂ ਹੈ। ਅੱਜ ਇਹ ਬਿਲਾਵਲ ਥਾਟ ਦੇ ਅੰਤਰਗਤ ਮੰਨਿਆ ਜਾਂਦਾ ਹੈ। ਇਸ ਵਿਚ ਭਗਤੀ ਤੇ ਸ਼ਾਂਤ ਰਸ ਦੀ ਪ੍ਰਧਾਨਤੀ ਹੈ, ਵਾਦੀ ਮਧਿਅਮ ਤੇ ਸੰਵਾਦੀ ਸ਼ੜਜ ਹੈ। ਆਰੋਹ -ਨ. ਸ ਗ ਮ ਪ ਨ ਸਂ ਅਵਰੋਹ-ਸਂ ਨ ਧ ਪ ਨੁ ਧ ਪ ਧ ਗ ਮ ਗ ਰ ਸ।

ਗੁਰਮਤਿ ਸੰਗੀਤ ਦੇ ਗਾਇਕ ਗ੍ਰੰਥਕਾਰਾਂ ਵਿਚੋਂ ਸੰਤ ਸਰਵਣ ਸਿੰਘ ਗੰਧਰਵ ਨੇ 'ਸੁਰ ਸਿਮਰਣ ਸੰਗੀਤ ਭਾਗ ੪' ਵਿਚ ਰਾਗ ਬਿਹਾਗੜਾ ਦੇ ਦੋ ਸਰੂਪ ਦਿੱਤੇ ਹਨ। ਇਕ ਸਰੂਪ ਇਕ ਬਿਹਾਗ ਵਿਚ ਕੋਮਲ ਨਿਸ਼ਾਦ ਦੇ ਪ੍ਰਯੋਗ ਨਾਲ ਬਿਹਾਗੜਾ ਦੀ ਉਤਪਤੀ ਹੁੰਦੀ ਹੈ ਤੇ ਦੂਜੇ ਵਿਚ ਦੋਵੇਂ ਮਧਿਅਮ ਪ੍ਰਯੋਗ ਕਰਨ ਨਾਲ ਬਿਹਾਗੜਾ ਦਾ ਸਰੂਪ ਬਣਦਾ ਹੈ ਤੇ ਅਵਰੋਹ ਵਿਚ ਕੋਮਲ ਦਾ ਨਿਸ਼ਾਦ ਦਾ ਵੀ ਪ੍ਰਯੋਗ ਹੈ। ਆਰੋਹ- ਨ. ਸ, ਗ ਮ ਪ, ਨ ਸਂ ਅਵਰੋਹ- ਸਂਨ ਧ ਪ, ਨੁ ਧ ਪ, ਮ ਗ , ਮ ਗ ਰ ਸ।

ਉਨ੍ਹਾਂ ਨੇ ਰਾਗ ਦੇ ਇਸ ਸਰੂਪ ਵਿਚ ਹੀ ਸ਼ਬਦ ਬੰਦਸ਼ਾਂ ਦਿੱਤੀਆਂ ਹਨ। ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਨੇ 'ਪ੍ਰਾਚੀਨ ਗੀਤ ਰਤਨਾਵਲੀ' ਵਿਚ ਰਾਗ ਬਿਹਾਗੜਾ ਵਿਚ ਦੋਵੇਂ ਮਧਿਅਮ ਤੇ ਦੋਵੇਂ ਨਿਸ਼ਾਦ ਪ੍ਰਯੋਗ ਕੀਤੇ ਹਨ ਆਰੋਹ - ਨ. ਸ ਗ ਮ ਪ ਨ ਸਂ ਅਵਰੋਹ- ਸਂ ਨ ਧ ਪ, ਨੁ ਧ ਪ ਮ ਗ ਮ ਗ ਰ ਸ। ਸਰਦਾਰ ਗਿਆਨ ਸਿੰਘ ਕਰਤਾ 'ਗੁਰਬਾਣੀ ਸੰਗੀਤ, ਪ੍ਰੋਫੈਸਰ ਤਾਰਾ ਸਿੰਘ ਕਰਤਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਵਲੀ', ਡਾਕਟਰ ਗੁਰਨਾਮ ਸਿੰਘ ਕਰਤਾ 'ਆਦਿ ਗ੍ਰੰਥ ਰਾਗ-ਕੋਸ਼' ਪ੍ਰਿੰਸੀਪਲ ਦਿਆਲ ਸਿੰਘ ਕਰਤਾ 'ਗੁਰਮਤ ਸੰਗੀਤ ਸਾਗਰ' ਤੇ ਗੁਰੂ ਨਾਨਕ ਸੰਗੀਤ ਪੱਧਤੀ ਗ੍ਰੰਥ' ਜਵੱਦੀ ਟਕਸਾਲ ਇਨ੍ਹਾਂ ਨੇ ਬਿਲਾਵਲ ਥਾਟ ਦੇ ਬਿਹਾਗੜਾ ਦੇ ਸਰੂਪ ਦਾ ਹੀ ਵਰਨਣ ਦਿੱਤਾ ਹੈ। ਸੋ ਪ੍ਰਵਾਣਿਤ ਤੱਥਾਂ ਦੇ ਅਧਾਰ ਤੇ ਬਿਹਾਗੜਾ ਦੇ ਇਸ ਪ੍ਰੰਪਰਾਗਤ ਸਰੂਪ ਨੂੰ ਨਿਸ਼ਚਿਤ ਰੂਪ ਵਿਚ ਮੈਂ ਪ੍ਰਵਾਣਿਤ ਮੰਨਦਾ ਹਾਂ।

*'ਗੁਰਮਤ ਸੰਗੀਤ ਦਰਪਣ' 'ਚੋਂ ਧੰਨਵਾਦ ਸਹਿਤ*

# ਸੁਰ ਲਿਪੀ

ਪ੍ਰੋ: ਨਰਿੰਦਰ ਕੌਰ

*ਰਾਗ ਧਨਾਸਰੀ*

**ਥਾਟ:** ਕਾਫੀ **ਜਾਤੀ:** ਔਡਵ ਸੰਪੂਰਣ **ਸੁਰ:** ਗ ਅਤੇ ਨੀ ਕੋਮਲ ਬਾਕੀ ਸ਼ੁਧ

**ਵਾਦੀ:** ਪ **ਸੰਵਾਦੀ:** ਸ **ਸਮਾਂ:** ਦਿਨ ਦਾ ਤੀਸਰਾ ਪਹਿਰ

**ਆਰੋਹ:** ਸ, ਨ਼ੁ ਸ ਗੁ ਮ ਪ ਨੁ ਸਂ। **ਅਵਰੋਹ:** ਸਂ ਨੁ ਧ ਪ, ਮ ਪ ਗੁ ਰੇ ਸ

**ਪਕੜ:** ਨ਼ੁ ਸ, ਗੁ ਮ ਪ, ਨੁ ਧ ਪ, ਮ ਪ ਗੁ, ਰੇ ਸ

**ਤਾਲ- ਤੀਨਤਾਲ (ਲੈਅ-ਮੱਧ)**

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| x | | | | 2 | | | | 0 | | | | 3 | | | |
| **ਸਥਾਈ** | | | | | | | | ਨ਼ੁ | ਸ | ਗੁ | ਮ | ਪ | ਮ | ਪਨੁ | ਪ |
| | | | | | | | | ਜੋ | ऽ | ਮਾਂ | ऽ | ਗਹਿ | ऽ | ਠਾऽ | ऽ |
| ਗੁ | ਗੁ | ਗੁ | ਮ | ਗੁ | ਰੇ | ਸ | – | ਪ | ਨੁ | ਨੁ | ਪ | ਪ | ਨੁ | ਸਂ | ਰੇਂ |
| ਕੁ | ਰ | ਅ | ਪ | ਨੇ | ऽ | ਤੇ | ऽ | ਸੋ | ऽ | ਈ | ऽ | ਸੋ | ऽ | ਈ | ऽ |
| ਨੁ | – | ਸਂ | – | – | – | – | – | – | ਪ | ਸਂਨੁ | ਧ | ਮ | – | ਪਨੁ | ਧਪ |
| ਦੇ | ऽ | ਵੈ | ऽ | ऽ | ऽ | ऽ | ऽ | ऽ | ਸੋ | ऽਈ | ऽ | ਸੋ | ऽ | ਈऽ | ऽऽ |
| ਗੁ | – | – | ਮ | ਗੁ | ਰੇ | ਸ | – | | | | | | | | |
| ਦੇ | ऽ | ऽ | ऽ | ਵੈ | ऽ | ऽ | ऽ | | | | | | | | |
| **ਅੰਤਰਾ** | | | | | | | | – | ਪ | ਪ | ਪ | ਮਪ | –ਮ | ਗੁ | ਮ |
| | | | | | | | | ऽ | ਨਾ | ਨ | ਕ | ਦਾऽ | ऽਸ | ਮੁ | ਖ |
| ਪ | – | ਨੁ | – | ਸਂ | – | ਸਂ | – | – | ਨੁ | ਸਂ | ਗੁਂ | ਰੇਂ | – | ਸਂ | ਸਂ |
| ਤੇ | ऽ | ਜੋ | ऽ | ਬੋ | ऽ | ਲੈ | ऽ | ऽ | ਈ | ਹਾ | ਊ | ਹਾ | ऽ | ਸ | ਚ |
| ਨੁਸਂ | –ਨੁ | ਧ | ਪ | – | – | – | – | – | ਪਸਂ | ਨੁ | ਧ | ਮ | – | ਪਨੁ | ਧਪ |
| ਹੋऽ | ऽऽ | ਵੈ | ऽ | ऽ | ऽ | ऽ | ऽ | ऽ | ऽਈ | ਹਾ | ਊ | ਹਾਂ | ऽ | ਸऽ | ਚऽ |
| ਗੁ | – | – | ਮ | ਗੁ | ਰੇ | ਸ | – | | | | | | | | |
| ਹੋ | ऽ | ऽ | ऽ | ਵੈ | ऽ | ऽ | ऽ | | | | | | | | |

*ਲੈਕਚਰਾਰ, ਆਰੀਆ ਕਾਲਜ ਪਾਠਾਨਕੋਟ*

# ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਮਨਮੋਹਨ ਸਿੰਘ

| | | |
|---|---|---|
| ਧਨਾਸਰੀ ਮਹਲਾ ੫ ॥ | Dhanasri 5th Guru. | ਧਨਾਸਰੀ ਪੰਜਵੀਂ ਪਾਤਸ਼ਾਹੀ। |
| ਚਤੁਰ ਦਿਸਾ ਕੀਨੋ ਬਲੁ ਅਪਨਾ ਸਿਰ ਊਪਰਿ ਕਰੁ ਧਾਰਿਓ ॥ | The Lord has extended His might in the four directions and has put His hand on my head. | ਪ੍ਰਭੂ ਨੇ ਚਾਰਾਂ ਹੀ ਕੂੰਟਾਂ ਅੰਦਰ ਆਪਣੀ ਸ਼ਕਤੀ ਪਸਾਰੀ ਹੋਈ ਹੈ ਅਤੇ ਮੇਰੇ ਸੀਸ ਉਤੇ ਆਪਣਾ ਹਥ ਟੇਕਿਆ ਹੋਇਆ ਹੈ। |
| ਕ੍ਰਿਪਾ ਕਟਾਖ ਅਵਲੋਕਨੁ ਕੀਨੋ ਦਾਸ ਦਾ ਦੂਖੁ ਬਿਦਾਰਿਓ ॥੧॥ | Beholding with his eye of mercy, He has dispelled the pains of his slave | ਆਪਣੀ ਮਿਹਰ ਦੀ ਅੱਖ ਨਾਲ ਵੇਖ ਕੇ ਉਸ ਨੇ ਆਪਣੇ ਗੋਲੇ ਦੇ ਦੁਖੜੇ ਦੂਰ ਕਰ ਦਿੱਤੇ ਹਨ। |
| ਹਰਿ ਜਨ ਰਾਖੇ ਗੁਰ ਗੋਬਿੰਦ ॥ | God's serf, the Guru God has saved. | ਰਬ ਦੇ ਗੋਲੇ ਨੂੰ ਰਬ ਰੂਪ ਗੁਰਾਂ ਨੇ ਬਚਾ ਲਿਆ ਹੈ। |
| ਕੰਠ ਲਾਇ ਅਵਗੁਣ ਸਭਿ ਮੇਟੇ ਦਇਆਲ ਪੁਰਖ ਬਖਸੰਦ ॥ ਰਹਾਓ ॥ | Taking me to his bosom, the compassionate and forgiving Lord has wiped off all my sins.Pause. | ਆਪਣੀ ਛਾਤੀ ਨਾਲ ਲਾ ਕੇ, ਮਿਹਰਬਾਨਾ ਅਤੇ ਮੁਆਫੀ ਦੇਣ ਵਾਲੇ ਸਾਹਿਬ ਨੇ ਮੇਰੇ ਸਾਰੇ ਪਾਪ ਮੇਸ ਛਡੇ ਹਨ। ਠਹਿਰਾਓ |
| ਜੋ ਮਾਗਹਿ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ ॥ | Whatever I ask of my Lord, that he blessed me with. | ਜਿਹੜਾ ਕੁਛ ਭੀ ਮੈਂ ਆਪਣੇ ਪ੍ਰਭੂ ਕੋਲੋਂ ਮੰਗਦਾ ਹਾਂ, ਉਹ, ਉਹ ਹੀ ਮੈਨੂੰ ਪਰਦਾਨ ਕਰਦਾ ਹੈ। |
| ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥੨॥੧੪॥੪੫॥ | Whatever the Lord's slave Nanak, utters with his mouth proves true both here and hereafter. | ਜਿਹੜਾ ਕੁਝ ਭੀ ਸਾਂਈਂ ਦਾ ਗੋਲਾ ਨਾਨਕ, ਆਪਣੇ ਮੂੰਹ ਤੋਂ ਆਖਦਾ ਹੈ, ਉਹ ਏਥੇ ਤੇ ਉਥੇ ਦੋਨਾਂ ਥਾਈਂ ਸੱਚ ਹੁੰਦਾ ਹੈ। |